**Class : 10+2**

**Economics Question Bank for Differently Abled students**

## ਵਸਤੂਨਿਸ਼ਠ ਪ੍ਰਸ਼ਨ

1. ਅਰਥਸ਼ਾਸਤਰ ਦੀਆਂ ਦੋ ਮੁੱਖ ਸ਼ਾਖਾਵਾਂ ਦੇ ਨਾਂ ਦੱਸੋ।

ਉੱਤਰ (1) ਵਿਅਸ਼ਟੀ (2) ਸਮੱਸ਼ਟੀ

2. ਸਹੀ ਉੱਤਰ ਚੁਣੋ;
ਹੇਠ ਲਿਖਿਆਂ ਵਿੱਚੋਂ ਕਿਹੜਾ ਆਰਥਿਕ ਪ੍ਰਨਾਲ਼ੀ ਦਾ ਰੂਪ ਨਹੀਂ ਹੈ?
(ੳ) ਲੋਕਤੰਤਰ (ਅ) ਪੂੰਜੀਵਾਦ
(ੲ) ਸਮਾਜਵਾਦ (ਸ) ਮਿਸ਼ਰਤ ਅਰਥਵਿਵਸਥਾ

ਉੱਤਰ (ੳ) ਲੋਕਤੰਤਰ

3. ਅਰਥਸ਼ਾਸਤਰ ਦੀ ਦੁਰਲੱਭਤਾ ਸੰਬੰਧੀ ਪਰਿਭਾਸ਼ਾ ਕਿਸ ਨੇ ਦਿੱਤੀ?

ਉੱਤਰ ਰੋਬਿੰਸ

4. ਸਹੀ ਉੱਤਰ ਚੁਣੋ;
ਕੀਮਤ ਦੇ ਸਿਧਾਂਤ ਦਾ ਦੂਜਾ ਨਾਂ ........... ਹੈ।
(ੳ) ਸਮੱਸ਼ਟੀ ਅਰਥਸ਼ਾਸਤਰ (ਅ) ਕੀਮਤ ਨਿਯੰਤਰਣ
(ੲ) ਵਿਅਸ਼ਟੀ ਅਰਥਸ਼ਾਸਤਰ (ਸ) ਰਾਜਨੀਤੀ ਸ਼ਾਸਤਰ।

ਉੱਤਰ (ੲ) ਵਿਅਸ਼ਟੀ ਅਰਥਸ਼ਾਸਤਰ

5. ਅਰਥਸ਼ਾਸਤਰ ਦੀ ਧਨ ਸੰਬੰਧੀ ਪਰਿਭਾਸ਼ਾ ਕਿਸ ਨੇ ਦਿੱਤੀ?

ਉੱਤਰ ਐਡਮ ਸਮਿੱਥ ਨੇ

6. ਅਰਥਸ਼ਾਸਤਰ ਦੀ ਕਲਿਆਣ ਸੰਬੰਧੀ ਪਰਿਭਾਸ਼ਾ ਕਿਸ ਨੇ ਦਿੱਤੀ?
(ੳ) ਮਾਰਸ਼ਲ (ਅ) ਜੇ.ਐਸ.ਮਿੱਲ
(ੲ) ਸ਼ੈਪੀਰੋ (ਸ) ਰੋਬਿੰਸ।

**ਉੱਤਰ** (ੳ) ਮਾਰਸ਼ਲ

7. ਉਹ ਕਿਰਿਆ ਜਿਸ ਦਾ ਸੰਬੰਧ ਵਸਤੂਆਂ ਦੀ ਖਰੀਦ ਵੇਚ ਨਾਲ ਹੁੰਦਾ ਹੈ,ਉਸ ਨੂੰ ....... ਕਹਿੰਦੇ ਹਨ।
(ੳ) ਉਪਭੋਗ (ਅ) ਵਟਾਂਦਰਾ (ੲ)ਉਤਪਾਦਨ (ਸ) ਕੋਈ ਵੀ ਨਹੀਂ ।

ਉੱਤਰ (ਅ) ਵਟਾਂਦਰਾ

8. ਅਰਥਸ਼ਾਸਤਰ ਦਾ ਸ਼ਾਬਦਿਕ ਅਰਥ ......... ਹੈ।

ਉੱਤਰ ਘਰੇਲੂ ਪ੍ਰਬੰਧ ਕਰਨਾ।

9. ਵਿਅਸ਼ਟੀ ਅਰਥਸ਼ਾਸਤਰ .......... ਦੀਆਂ ਆਰਥਿਕ ਸਮੱਸਿਆਵਾਂ ਦੇ ਵਿਸ਼ਲੇਸ਼ਣ ਨਾਲ ਸੰਬੰਧਿਤ ਹੈ।

ਉੱਤਰ ਵਿਅਕਤੀਗਤ ਪੱਧਰ

10 ............ ਸਾਧਨਾਂ ਦੁਆਰਾ .......... ਲੋੜਾਂ ਦੀ ਸੰਤੁਸ਼ਟੀ ਦੇ ਅਧਿਐਨ ਨੂੰ ਅਰਥਸ਼ਾਸਤਰ ਕਿਹਾ ਜਾਂਦਾ ਹੈ।

ਉੱਤਰ ਸੀਮਤ ,ਅਸੀਮਤ

11. ਅਰਥਸ਼ਾਸਤਰ (Economics) ਕਿਸ ਭਾਸ਼ਾ ਦੇ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ?

ਉੱਤਰ ਗਰੀਕ

12. ਐਡਮ ਸਮਿੱਥ ਨੇ ਆਪਣੀ ਕਿਤਾਬ 'An Enquairy into the Nature and Causes of Wealth of Nations' ਕਿਹੜੇ ਸਾਲ ਵਿੱਚ ਲਿਖੀ ਸੀ?
(ੳ) 1776 ਈ: (ਅ) 1778 ਈ:
(ੲ) 1890 ਈ: (ਸ) 1932 ਈ:

ਉੱਤਰ (ੳ) 1776ਈ:

13. ਦੁਰਲੱਭਤਾ ਤੋਂ ਭਾਵ ਅਜਿਹੀ ਅਵਸਥਾ ਤੋਂ ਹੈ , ਜਦੋਂ ਸਾਧਨਾਂ ਦੀ ਪੂਰਤੀ ;
(ੳ) ਮੰਗ ਦੇ ਬਰਾਬਰ (ਅ) ਮੰਗ ਤੋਂ ਵੱਧ
(ੲ) ਮੰਗ ਤੋਂ ਘੱਟ (ਸ)ਇਹਨਾਂ ਵਿੱਚੋਂ ਕੋਈ ਨਹੀਂ ।

ਉੱਤਰ (ੲ) ਮੰਗ ਤੋਂ ਘੱਟ।

14. ਵਟਾਂਦਰਾ ਇੱਕ ਆਰਥਿਕ ਕਿਰਿਆ ਨਹੀਂ ਹੈ।(ਠੀਕ/ਗਲਤ)
ਉੱਤਰ ਗਲਤ

15. ਸਹੀ ਉੱਤਰ ਦੀ ਚੋਣ ਕਰੋ:
ਕੀ ਪੈਦਾ ਕਰਨਾ ਹੈ, ਦੀ ਸਮੱਸਿਆ ਦਾ ਸੰਬੰਧ ਹੈ:
(ੳ) ਉਤਪਾਦਨ ਵਿਧੀ ਦੀ ਚੋਣ। (ਅ)ਕਿਹੜੀਆਂ ਚੀਜ਼ਾਂ ਪੈਦਾ ਕਰਨੀਆਂ ਹਨ। (ੲ) ਘੱਟ ਉਤਪਾਦਨ।
ਉੱਤਰ (ਅ)ਕਿਹੜੀਆਂ ਚੀਜ਼ਾਂ ਪੈਦਾ ਕਰਨੀਆਂ ਹਨ
16. ਦੁਰਲੱਭਤਾ ਤੋਂ ਕੀ ਭਾਵ ਹੈ?
ਉੱਤਰ ਜਦੋਂ ਵਸਤੂਆਂ ਦੀ ਪੂਰਤੀ ਵਸਤੂਆਂ ਦੀ ਮੰਗ ਤੋਂ ਘੱਟ ਹੁੰਦੀ ਹੈ।
17. ਆਰਥਿਕ ਸਮੱਸਿਆ ਤੋਂ ਕੀ ਭਾਵ ਹੈ?
ਉੱਤਰ ਮਨੁੱਖੀ ਕਲਿਆਣ ਵਿੱਚ ਵਾਧੇ ਲਈ ਸੀਮਤ ਸਾਧਨਾਂ ਦੇ ਕੁਸ਼ਲ ਪ੍ਰਯੋਗ ਨੂੰ ਆਰਥਿਕ ਸਮੱਸਿਆ ਕਿਹਾ ਜਾਂਦਾ ਹੈ।
18. ਉਤਪਾਦਨ ਸੰਭਾਵਨਾ ਵਕਰ ਦਾ ਢਲਾਨ ਹੁੰਦਾ ਹੈ;
(ੳ) ਇੱਕ ਸਿੱਧੀ ਰੇਖਾ (ਅ) ਮੂਲ ਬਿੰਦੂ 'O' ਦੇ ਉਨਤੋਦਰ
(ੲ) ਮੂਲ ਬਿੰਦੂ 'O' ਦੇ ਨਤੋਦਰ (ਸ) ਇਨ੍ਹਾਂ ਵਿੱਚੋਂ ਕੋਈ ਨਹੀਂ ।
ਉੱਤਰ (ੲ) ਮੂਲ ਬਿੰਦੂ 'O' ਦੇ ਨਤੋਦਰ
19. ਕੇਂਦਰੀ ਯੋਜਨਾਬੱਧ ਅਰਥਵਿਵਸਥਾ ਵਿੱਚ ਆਰਥਿਕ ਕਿਰਿਆਵਾਂ ਤੇ ਕਿਸ ਦਾ ਪ੍ਰਭਾਵ ਹੁੰਦਾ ਹੈ?
(ੳ) ਉਦਯੋਗਪਤੀਆਂ ਦਾ (ਅ) ਨਿੱਜੀ ਫਰਮਾਂ ਦਾ
(ੲ) ਸਰਕਾਰ ਦਾ (ਸ) ਉਪਰਲੇ ਸਾਰੇ ।
ਉੱਤਰ ਸਰਕਾਰ ਦਾ।
20. ਸਾਧਨਾਂ ਦੇ ਵਿਕਾਸ ਦਾ ਅਰਥ ਹੈ, ਉਤਪਾਦਨ ਸੰਭਾਵਨਾ ਵਕਰ ਦਾ ;
(ੳ) ਸੱਜੇ ਪਾਸੇ ਖਿਸਕਣਾ (ਅ) ਖੱਬੇ ਪਾਸੇ ਖਿਸਕਣਾ
(ੲ) ਘੁੰਮਣਾ (ਸ) ਇਹਨਾਂ ਵਿੱਚੋਂ ਕੋਈ ਨਹੀਂ ।
ਉੱਤਰ (ੳ) ਸੱਜੇ ਪਾਸੇ ਖਿਸਕਣਾ
21. ਮਨੁੱਖੀ ਲੋੜਾਂ ਨੂੰ ਸੰਤੁਸ਼ਟ ਕਰਨ ਵਾਲ਼ੇ ਸਾਧਨ ....... ਹਨ।
(ੳ) ਅਸੀਮਤ (ਅ) ਸੀਮਤ
(ੲ) ਦੁਰਲੱਭ (ਸ) ਇਹਨਾਂ ਵਿੱਚੋਂ ਕੋਈ ਨਹੀਂ ।
ਉੱਤਰ (ਅ) ਸੀਮਤ।
22. ਮਨੁੱਖੀ ਲੋੜਾਂ .......... ਹਨ।
(ੳ) ਅਸੀਮਿਤ (ਅ) ਸੀਮਿਤ (ੲ) ਦੁਰਲੱਭ (ਸ) ਇਹਨਾਂ ਵਿੱਚੋਂ ਕੋਈ ਨਹੀਂ ।
ਉੱਤਰ (ੳ) ਅਸੀਮਤ
23. ਸੀਮਾਂਤ ਅਵਸਰ ਲਾਗਤ = ..................।

$$\text{ਉੱਤਰ} = \frac{\Delta \text{ ਉਤਪਾਦਨ ਦੀ ਹਾਨੀ}}{\Delta \text{ ਉਤਪਾਦਨ ਦਾ ਲਾਭ}}$$

24. ਆਰਥਿਕ ਸਮੱਸਿਆ ................ ਦੇ ਕਾਰਨ ਪੈਦਾ ਹੁੰਦੀ ਹੈ।
ਉੱਤਰ ਚੋਣ
25. ਉਤਪਾਦਨ ਸੰਭਾਵਨਾ ਵਕਰ ਦੁਆਰਾ ਸੰਭਵ ਉਤਪਾਦਨ 4 ਵਸਤੂਆਂ ਦੇ ਸੰਯੋਗ ਦੂਆਰਾ ਦਰਸਾਇਆ ਜਾਂਦਾ ਹੈ। (ਸਹੀ/ਗ਼ਲਤ)
ਉੱਤਰ ਗ਼ਲਤ
26. ਉਤਪਾਦਨ ਸੰਭਾਵਨਾ ਵਕਰ ਦਾ ਢਲਾਨ ...... ਨੂੰ ਦਰਸਾਉਂਦਾ ਹੈ; (ਸੀਮਾਂਤ ਅਵਸਰ ਲਾਗਤ / ਕੁੱਲ ਲਾਗਤ )
ਉੱਤਰ ਸੀਮਾਂਤ ਅਵਸਰ ਲਾਗਤ
27. ਭਾਰੀ ਬੇਰੁਜ਼ਗਾਰੀ ਕਾਰਨ ਉਤਪਾਦਨ ਸੰਭਾਵਨਾ ਵਕਰ ਖੱਬੇ ਪਾਸੇ ਖਿਸਕ ਜਾਂਦੀ ਹੈ। (ਸਹੀ/ਗਲਤ)
ਉੱਤਰ ਸਹੀ

28. ਇੱਕ ਬਜ਼ਾਰ ਅਰਥਵਿਵਸਥਾ ਵਿੱਚ ........ ਕੇਂਦਰੀ ਸਮੱਸਿਆਵਾਂ ਦਾ ਹੱਲ ਕੀਤਾ ਜਾਂਦਾ ਹੈ। (ਸਰਕਾਰ ਦੁਆਰਾ/ ਬਜ਼ਾਰੀ ਸਕਤੀਆਂ ਦੁਆਰਾ)

ਉੱਤਰ ਬਜ਼ਾਰੀ ਸਕਤੀਆਂ ਦੁਆਰਾ

29. ਹੇਠਾਂ ਦਿੱਤੀ ਸਾਰਨੀ ਪੂਰੀ ਕਰੋ;

| ਵਰਤੀਆਂ ਇਕਾਈਆਂ | 1 | 2 | 3 | 4 | 5 |
|---|---|---|---|---|---|
| ਸੀਮਾਂਤ ਉਪਯੋਗਿਤਾ | 18 | 15 | 12 | 10 | 8 |
| ਕੁੱਲ ਉਪਯੋਗਿਤਾ | | | | | |

ਉੱਤਰ

| | | | | |
|---|---|---|---|---|
| 18 | 33 | 45 | 55 | 63 |

30. ਹੇਠਾਂ ਦਿੱਤੀ ਸਾਰਨੀ ਪੂਰੀ ਕਰੋ;

| ਵਰਤੀਆਂ ਇਕਾਈਆਂ | 1 | 2 | 3 | 4 |
|---|---|---|---|---|
| ਸੀਮਾਂਤ ਉਪਯੋਗਿਤਾ | | | | |
| ਕੁੱਲ ਉਪਯੋਗਿਤਾ | 10 | 25 | 38 | 47 |

ਉੱਤਰ -,15,13,9,

31. ਹੇਠਾਂ ਦਿੱਤੀ ਸਾਰਣੀ ਪੂਰੀ ਕਰੋ;

| ਵਰਤੀਆਂ ਇਕਾਈਆਂ | 1 | 2 | 3 | 4 | 5 |
|---|---|---|---|---|---|
| ਸੀਮਾਂਤ ਉਪਯੋਗਿਤਾ | | | | | |
| ਕੁੱਲ ਉਪਯੋਗਿਤਾ | 9 | 17 | 23 | 28 | 31 |

ਉੱਤਰ -, 8,6,5,3.

32. ਜਦੋਂ ਸੀਮਾਂਤ ਤੁਸ਼ਟੀਗੁਣ ਰਿਣਾਤਮਕ ਹੁੰਦਾ ਹੈ ਤਾਂ ਕੁੱਲ ਤੁਸ਼ਟੀਗੁਣ ............. ਹੁੰਦਾ ਹੈ।
(ੳ) ਵੱਧਦਾ (ਅ) ਉੱਚਤਮ
(ੲ) ਘੱਟਦਾ (ਸ) ਸਭ ਤੋਂ ਘੱਟ(ਨਿਊਨਤਮ)।

ਉੱਤਰ (ਅ) ਉੱਚਤਮ

33. ਘੱਟਦਾ ਸੀਮਾਂਤ ਤੁਸ਼ਟੀਗੁਣ ਦਾ ਨਿਯਮ ....... ਨੇ ਦਿੱਤਾ।
(ੳ)ਮਾਰਸ਼ਲ (ਅ) ਐਡਮ ਸਮਿੱਥ
(ੲ)ਗੋਸਨ (ਸ) ਉਪਰੋਕਤ ਸਾਰੇ ।

ਉੱਤਰ (ੲ)ਗੋਸਨ

34. ਦੋਂ ਸੀਮਾਂਤ ਤੁਸ਼ਟੀਗੁਣ ਧਨਾਤਮਕ (+ve) ਹੁੰਦਾ ਹੈ ਤਾਂ ਕੁੱਲ ਤੁਸ਼ਟੀਗੁਣ ਦੀ ਕੀ ਸਥਿਤੀ ਹੋਵੇਗੀ?
(ੳ) ਅਧਿਕਤਮ (ਅ) ਘਟਦੀ ਹੋਈ
(ੲ) ਵੱਧਦੀ ਹੋਈ (ਸ) ਨਿਊਨਤਮ

ਉੱਤਰ (ੲ) ਵੱਧਦੀ ਹੋਈ

35. ਜਦੋਂ ਸੀਮਾਂਤ ਤੁਸ਼ਟੀਗੁਣ ਸਿਫਰ ਹੁੰਦਾ ਹੈ ਤਾਂ ਕੁੱਲ ਤੁਸ਼ਟੀਗੁਣ ..........ਹੁੰਦੀ ਹੈ।
(ੳ) ਅਧਿਕਤਮ (ਅ) ਘਟਦੀ ਹੋਈ
(ੲ) ਵੱਧਦੀ ਹੋਈ (ਸ) ਨਿਊਨਤਮ

ਉੱਤਰ (ੳ) ਅਧਿਕਤਮ

36. ਘੱਟਦੀ ਸੀਮਾਂਤ ਤੁਸ਼ਟੀਗੁਣ ਦਾ ਸਿਧਾਂਤ ......... ਨਾਲ ਸੰਬੰਧਿਤ ਹੈ।
(ੳ) ਉਪਭੋਗ (ਅ) ਵਟਾਂਦਰਾ
(ੲ) ਉਤਪਾਦਨ (ਸ) ਉਪਰੋਕਤ ਕੋਈ ਨਹੀਂ ।

ਉੱਤਰ (ੳ) ਉਪਭੋਗ

37. ਜਦੋਂ ਕਿਸੇ ਵਸਤੂ ਦੇ ਉਪਭੋਗ ਦੀ ਇਕਾਈ ਵੱਧਦੀ ਹੈ ਤਾਂ ਸੀਮਾਂਤ ਤੁਸ਼ਟੀਗੁਣ ......... ਹੈ।(ਘੱਟਦਾ/ਵੱਧਦਾ)

ਉੱਤਰ ਘੱਟਦਾ

38. ਸੀਮਾਂਤ ਤੁਸ਼ਟੀਗੁਣ (MU) = ............।

ਉੱਤਰ MU= TUn-TUn-1

39. ਘੱਟਦੇ ਸੀਮਾਂਤ ਤੁਸ਼ਟੀਗੁਣ ਪ੍ਰਗਤੀਸ਼ੀਲ ਕਰ ਪ੍ਰਨਾਲ਼ੀ ਦਾ ਆਧਾਰ ਹੈ। (ਸਹੀ/ਗ਼ਲਤ)

ਉੱਤਰ ਸਹੀ।

40. ਖ਼ਾਲੀ ਥਾਂ ਭਰੋ:
ਮੰਗ ਸੂਚੀ ਅਤੇ ਮੰਗ ਵਕਰ ............ ਸੂਚਨਾ ਦਿੰਦੇ ਹਨ। (ਸਮਾਨ/ਅਸਮਾਨ)

41. ਮੰਗ ਦਾ ਨਿਯਮ ........ ਵਸਤੂਆਂ ਦੇ ਸੰਬੰਧ ਵਿੱਚ ਲਾਗੂ ਨਹੀਂ ਹੁੰਦਾ ।
(ੳ) ਘਟੀਆ (ਅ) ਸਧਾਰਨ
(ੲ) ਅਸਲ ਆਦਮੀ (ਸ) ਉਪਰੋਕਤ ਸਾਰੇ ।

ਉੱਤਰ (ੳ) ਘਟੀਆ

42. ਖ਼ਾਲੀ ਥਾਂ ਭਰੋ: ਉਪਭੋਗਤਾ ਦੀ ਆਮਦਨ ਅਤੇ ਵਸਤੂ ਦੀ ਮੰਗ ਵਿੱਚ .......... ਸੰਬੰਧ ਹੁੰਦਾ ਹੈ।

ਉੱਤਰ ਸਿੱਧਾ

43. ਖ਼ਾਲੀ ਥਾਂ ਭਰੋ;
ਵਸਤੂ ਦੀਆਂ ਵੱਖ-ਵੱਖ ਕੀਮਤਾਂ ਤੇ ਕੀਤੀ ਗਈ ਮੰਗ ਦਾ ਤਾਲਿਕਾ ਦੇ ਰੂਪ ਵਿੱਚ ਪ੍ਰਸਤੂਤੀਕਰਨ ....... ਹੁੰਦਾ ਹੈ।

ਉੱਤਰ ਮੰਗ ਤਾਲਿਕਾ।

44. ਖ਼ਾਲੀ ਥਾਂ ਭਰੋ:
ਜੇਕਰ ਕੀਮਤ ਸਥਿਰ ਰਹੇ ਪ੍ਰੰਤੂ ਵਸਤੂ ਦੀ ਮੰਗ ਵੱਧ ਜਾਵੇ ਤਾਂ ਇਸ ਨੂੰ .......... ਕਿਹਾ ਜਾਂਦਾ ਹੈ।

ਉੱਤਰ ਮੰਗ ਦਾ ਵਾਧਾ

45. ਜੇਕਰ ਕੀਮਤ ਵੱਧਣ ਨਾਲ ਮੰਗ ਘੱਟ ਜਾਵੇ ਤਾਂ
(ੳ) ਮੰਗ ਵਿੱਚ ਸੰਕੁਚਨ ਹੁੰਦਾ ਹੈ । (ਅ) ਮੰਗ ਵਿੱਚ ਵਿਸਤਾਰ ਹੁੰਦਾ ਹੈ ।
(ੲ) ਮੰਗ ਵਿੱਚ ਵਾਧਾ ਹੁੰਦਾ ਹੈ। (ਸ) ਮੰਗ ਵਿੱਚ ਕਮੀ ਹੁੰਦੀ ਹੈ।

ਉੱਤਰ (ੳ) ਮੰਗ ਵਿੱਚ ਸੰਕੁਚਨ ਹੁੰਦਾ ਹੈ।

46. ਮੰਗ ਵਕਰ ਉੱਪਰ ਹੋਣ ਵਾਲੇ ਵਿਭਿੰਨ ਪਰਿਵਰਤਨ ਕਿਹੜੇ ਹਨ?

ਉੱਤਰ ਮੰਗ ਦਾ ਸੰਕੁਚਨ,ਮੰਗ ਦਾ ਵਿਸਥਾਰ

47. ਸਹੀ ਉੱਤਰ ਚੁਣੋ;
ਮੰਗ ਦਾ ਨਿਯਮ ........... ਉੱਤੇ ਲਾਗੂ ਨਹੀਂ ਹੁੰਦਾ। (ਸਧਾਰਨ ਵਸਤੂਆਂ/ਨਿਮਨ ਕੋਟੀ ਵਸਤੂਆਂ )

ਉੱਤਰ ਨਿਮਨ ਕੋਟੀ ਵਸਤੂਆਂ

48. ਖ਼ਾਲੀ ਥਾਂ ਭਰੋ;
ਮੰਗ ਦਾ ਨਿਯਮ ਕੀਮਤ ਅਤੇ ਮੰਗ ਦੇ ........... ਸੰਬੰਧ ਦੀ ਵਿਆਖਿਆ ਕਰਦਾ ਹੈ।

ਉੱਤਰ ਉਲਟਾ

49. ਮੰਗ ਵਕਰ ਦਾ ਢਲਾਨ ਹਮੇਸ਼ਾਂ .......... ਹੁੰਦਾ ਹੈ।
(ੳ) ਹੇਠਾਂ ਵੱਲ (ਅ) ਉੱਪਰ ਵੱਲ
(ੲ) ਦੋਵੇਂ ਪਾਸੇ (ਸ) ਉਪਰੋਕਤ ਕੋਈ ਨਹੀਂ ।

ਉੱਤਰ (ੳ) ਹੇਠਾਂ ਵੱਲ

50. ਘਟੀਆ ਜਾਂ ਨਿਮਨ ਕੋਟੀ ਵਸਤੂਆਂ ਉਹ ਹਨ ਜਿੰਨ੍ਹਾਂ ਦੀ ;
(ੳ) ਮੰਗ ਆਮਦਨ ਦੇ ਵੱਧਣ ਤੇ ਘੱਟਦੀ ਹੈ।
(ਅ) ਮੰਗ ਆਮਦਨ ਦੇ ਘੱਟ ਹੋਣ ਤੇ ਵੱਧਦੀ ਹੈ।
(ੲ) ਮੰਗ ਤੇ ਆਮਦਨ ਦੇ ਪਰਿਵਰਤਨ ਦਾ ਕੋਈ ਪ੍ਰਭਾਵ ਨਹੀਂ ਪੈਂਦਾ
(ਸ) ਇਨ੍ਹਾਂ ਵਿੱਚੋਂ ਕੋਈ ਨਹੀਂ ।

ਉੱਤਰ (ੳ) ਮੰਗ ਆਮਦਨ ਦੇ ਵੱਧਣ ਤੇ ਘੱਟਦੀ ਹੈ।

51. ਵਸਤੂਆਂ ਦੀ ਮੰਗ .......... ਤੇ ਨਿਰਭਰ ਕਰਦੀ ਹੈ।
(ੳ) ਆਮਦਨ (ਅ)ਵਸਤੂਆਂ ਦੀ ਕੀਮਤ (ੲ)ਸਬੰਧਿਤ ਵਸਤੂਆਂ ਦੀ ਕੀਮਤ (ਸ) ਉਪਰੋਕਤ ਸਾਰੇ।

ਉੱਤਰ (ਸ) ਉਪਰੋਕਤ ਸਾਰੇ।

52. ਜੇਕਰ ਕੀਮਤ ਵਿੱਚ ਗਿਰਾਵਟ ਦੇ ਸਿੱਟੇ ਵਜੋਂ ਮੰਗੀ ਗਈ ਮਾਤਰਾ ਵੱਧ ਹੋ ਜਾਂਦੀ ਹੈ ਤਾਂ ਇਹ ਮੰਗ ਵਿੱਚ ਵਾਧੇ ਦੀ ਸਥਿਤੀ ਹੋਵੇਗੀ। (ਸਹੀ/ਗ਼ਲਤ)

ਉੱਤਰ (ਗ਼ਲਤ)

53. ਜੇਕਰ ਸਮਾਨ ਕੀਮਤ ਤੇ ਮੰਗ ਵੱਧ ਜਾਂਦੀ ਹੈ ਤਾਂ ਇਹ ਮੰਗ ਦਾ ..........ਉਦਾਹਰਣ ਹੋਵੇਗਾ।(ਵਾਧਾ/ਵਿਸਤਾਰ)

ਉੱਤਰ ਵਾਧਾ

54. ਗਿਫਨ ਵਸਤੂ ਮੰਗ ਦੇ ਨਿਯਮ ਦੇ ਵਿਰੁੱਧ ਇੱਕ ਉਦਾਹਰਨ ਹੈ। (ਸਹੀ/ਗ਼ਲਤ)

ਉੱਤਰ ਸਹੀ

55. ਮੰਗ ਵੱਚ ਸੰਕੁਚਨ ਤੋਂ ਕੀ ਭਾਵ ਹੈ?

ਉੱਤਰ ਜਦੋਂ ਕੀਮਤ ਦੇ ਵਧਣ ਨਾਲ ਮੰਗ ਘੱਟਦੀ ਹੈ ਤਦ ਇਸ ਨੂੰ ਮੰਗ ਵਿੱਚ ਸੰਕੁਚਨ ਕਿਹਾ ਜਾਂਦਾ ਹੈ।

56. ਮੰਗ ਵਿੱਚ ਵਿਸਤਾਰ ਤੋਂ ਕੀ ਭਾਵ ਹੈ?

ਉੱਤਰ ਜਦੋਂ ਕੀਮਤ ਦੇ ਘੱਟਣ ਨਾਲ ਮੰਗ ਵੱਧਦੀ ਹੈ ਤਦ ਇਸ ਨੂੰ ਮੰਗ ਵਿੱਚ ਵਿਸਤਾਰ ਕਿਹਾ ਜਾਂਦਾ ਹੈ।

57. ਮੰਗ ਵਿੱਚ ਕਮੀ ਤੋਂ ਕੀ ਭਾਵ ਹੈ?

ਉੱਤਰ ਜਦੋਂ ਕੀਮਤ ਤੋਂ ਇਲਾਵਾ ਹੋਰ ਨਿਰਧਾਰਕ ਤੱਤਾਂ ਦੇ ਕਾਰ ਮੰਗ ਘੱਟਦੀ ਹੈ ,ਇਸ ਨੂੰ ਮੰਗ ਵਿੱਚ ਕਮੀ ਕਿਹਾ ਜਾਂਦਾ ਹੈ।

58. ਮੰਗ ਵਿੱਚ ਵਾਧੇ ਤੋਂ ਕੀ ਭਾਵ ਹੈ?

ਉੱਤਰ ਜਦੋਂ ਕੀਮਤ ਤੋਂ ਇਲਾਵਾ ਹੋਰ ਨਿਰਧਾਰਕ ਤੱਤਾਂ ਦੇ ਕਾਰਨ ਮੰਗ ਵੱਧਦੀ ਹੈ ,ਇਸ ਨੂੰ ਮੰਗ ਵਿੱਚ ਵਾਧਾ ਕਿਹਾ ਜਾਂਦਾ ਹੈ।

59. ਪੂਰਕ ਵਸਤੂਆਂ ਨੂੰ ਪਰਿਭਾਸ਼ਿਤ ਕਰੋ।

ਉੱਤਰ ਪੂਰਕ ਵਸਤੂਆਂ ਉਹ ਹਨ ਜੋ ਇੱਕ ਦੂਜੇ ਦੀ ਮੰਗ ਨੂੰ ਪੂਰਾ ਕਰਦੀਆਂ ਹਨ।

60. ਜਦੋਂ ਮੰਗ ਪੂਰਨ ਬੇਲੋਚਦਾਰ ਹੋਵੇ ਤਾਂ ਹੇਠਾਂ ਲਿਖਿਆਂ ਵਿੱਚੋਂ ਕਿਸ ਵਿੱਚ ਪਰਿਵਰਤਨ ਨਹੀਂ ਹੁੰਦਾ ਹੈ;
(ੳ) ਕੀਮਤ (ਅ) ਮੰਗ
(ੲ) ਪੂਰਤੀ (ਸ) ਇਹਨਾਂ ਵਿੱਚੋਂ ਕੋਈ ਨਹੀਂ

ਉੱਤਰ (ਅ) ਮੰਗ

61. ਸਹੀ ਗ਼ਲਤ ਚੁਣੋ;
ਅਨੁਪਾਤਿਕ ਵਿਧੀ ਦੇ ਅੰਤਰਗਤ

$$PED = (-)\frac{\Delta P}{\Delta Q} \times \frac{P}{Q}$$

ਉੱਤਰ ਗ਼ਲਤ

62. ਜਦੋਂ ਮੰਗ ਵਕਰ X-ਅਕਸ਼ ਦੇ ਸਮਾਨਾਂਤਰ ਹੁੰਦੀ ਹੈ ਤਾਂ ਮੰਗ ਦੀ ਲੋਚ ਹੁੰਦੀ ਹੈ;
(ੳ)ਇਕਾਈ (ਅ) ਸਿਫਰ
(ੲ) ਇਕਾਈ ਤੋਂ ਵੱਧ (ਸ)ਅਨੰਤ।

ਉੱਤਰ (ਸ) ਅਨੰਤ।

63. ਇੱਕ ਸਿੱਧੀ ਰੇਖਾ ਮੰਗ ਵਕਰ ਦੇ ਮੱਧ ਵਿੱਚ ਸਥਿਤ ਬਿੰਦੂ ਦੀ ਲੋਚ ਹੁੰਦੀ ਹੈ।
(ੳ)2 (ਅ) 1/2
(ੲ) 1 (ਸ) 4

ਉੱਤਰ (ੲ) 1

64. ਜਦੋਂ ਕੀਮਤ ਵਿੱਚ ਪ੍ਰਤਿਸ਼ਤ ਪਰਿਵਰਤਨ ਦੀ ਤੁਲਨਾ ਵਿੱਚ ਮੰਗ ਵਿੱਚ ਘੱਟ ਪ੍ਰਤਿਸ਼ਤ ਪਰਿਵਰਤਨ ਹੁੰਦਾ ਹੈ ਤਾਂ ਮੰਗ ਹੋਵੇਗੀ;
(ੳ) ਪੂਰਨ ਬੇਲੋਚਦਾਰ ਮੰਗ (ਅ) ਪੂਰਨ ਲੋਚਦਾਰ ਮੰਗ (ੲ)ਲੋਚਦਾਰ (ਸ)ਬੇਲੋਚਦਾਰ

ਉੱਤਰ (ਸ) ਬੇਲੋਚਦਾਰ

65. ਜਦੋਂ ਮੰਗ ਵਕਰ Y-ਅਕਸ਼ ਦੇ ਸਮਾਨਾਂਤਰ ਹੁੰਦੀ ਹੈ ਤਾਂ ਮੰਗ ਦੀ ਲੋਚ ਹੁੰਦੀ ਹੈ;
(ੳ)ਇਕਾਈ (ਅ) ਸਿਫਰ
(ੲ) ਇਕਾਈ ਤੋਂ ਵੱਧ (ਸ) ਅਨੰਤ
ਉੱਤਰ (ਅ) ਸਿਫਰ
66. ਖ਼ਾਲੀ ਥਾਂ ਭਰੋ;
ਮੰਗ ਇਕਾਈ ਤੋਂ ਜ਼ਿਆਦਾ ਲੋਚਦਾਰ ਹੁੰਦੀ ਹੈ, ਜਦੋਂ ਕੀਮਤ ਦੇ ਘੱਟ ਹੋਣ ਤੇ ਕੁੱਲ ਖਰਚ .......... ਹੈ।
(ਵੱਧਦਾ / ਘੱਟਦਾ)
ਉੱਤਰ ਵੱਧਦਾ
67. ਮੰਗ ਦੀ ਕੀਮਤ ਲੋਚ =
ਉੱਤਰ

$$PED = (-)\ \frac{\Delta Q}{\Delta P} \times \frac{P}{Q}$$

68. ਮੰਗ ਦੀ ਕੀਮਤ ਲੋਚ ............. ਵਿੱਚ ਪਰਿਵਰਤਨ ਹੋਣ ਨਾਲ਼ ਮੰਗ ਵਿੱਚ ਹੋਣ ਵਾਲ਼ਾ ਪਰਿਵਰਤਨ ਦਾ ਮਾਪ ਹੈ।
ਉੱਤਰ ਕੀਮਤ
69. ਸਥਾਨਾਪੰਨ ਵਸਤੂਆਂ ਦੀ ਮੰਗ ਲੋਚਦਾਰ ਹੁੰਦੀ ਹੈ। (ਸਹੀ/ਗ਼ਲਤ)
ਉੱਤਰ ਸਹੀ
70. ਦੁੱਧ ਦੀ ਮੰਗ ਬੇਲੋਚਦਾਰ ਹੁੰਦੀ ਹੈ।(ਸਹੀ/ ਗ਼ਲਤ)
ਉੱਤਰ ਗ਼ਲਤ
71. ਜਰੂਰੀ ਵਸਤੂਆਂ ਦੀ ਮੰਗ ਘੱਟ ਲੋਚਦਾਰ ਹੁੰਦੀ ਹੈ। (ਸਹੀ/ ਗ਼ਲਤ)
ਉੱਤਰ ਸਹੀ
72. ਮੰਗ ਦੀ ਕੀਮਤ ਲੋਚ ਦੀ ਪਰਿਭਾਸ਼ਾ ਦਿਓ।
ਉੱਤਰ ਮੰਗ ਦੀ ਕੀਮਤ ਲੋਚ ਇੱਕ ਵਸਤੂ ਦੀ ਕੀਮਤ ਵਿੱਚ ਪਰਿਵਰਤਨ ਹੋਣ ਨਾਲ਼, ਮੰਗ ਵਿੱਚ ਹੋਣ ਵਾਲ਼ੇ ਪਰਿਵਰਤਨ ਦਾ ਮਾਪ ਹੈ
73. ਲੁੜੀਂਦੀਆਂ ਵਸਤੂਆਂ ਦੀ ਮੰਗ ........ ਹੋਵੇਗੀ। (ਲੋਚਦਾਰ/ਬੇਲੋਚਦਾਰ)
ਉੱਤਰ ਬੇਲੋਚਦਾਰ
74. ਸਬਜ਼ੀਆਂ ਦੀ ਮੰਗ ......... ਹੁੰਦੀ ਹੈ। (ਲੋਚਦਾਰ/ਬੇਲੋਚਦਾਰ)
ਉੱਤਰ ਲੋਚਦਾਰ।
75. ਉੱਚੀ ਕੀਮਤ ਤੇ ਵਸਤੂਆਂ ਦੀ ਮੰਗ ਦੀ ਲੋਚ ..... ਹੋਵੇਗੀ। (ਘੱਟ/ਵੱਧ)
ਉੱਤਰ ਵੱਧ।
76. ਇੱਕ ਵਸਤੂ ਦੀ ਕੀਮਤ ਵਿੱਚ 80% ਕਮੀ ਆਉਣ ਨਾਲ ਮੰਗ ਵਿੱਚ 60% ਵਾਧਾ ਹੁੰਦਾ ਹੈ।ਮੰਗ ਦੀ ਕੀਮਤ ਲੋਚ ਪਤਾ ਕਰੋ।
ਉੱਤਰ 0.75
77. ਜਦੋਂ ਆਲੂ ਦੀ ਕੀਮਤ ਵਿੱਚ 8% ਵਾਧਾ ਹੁੰਦਾ ਹੈ ਤਾਂ ਆਲੂ ਦੀ ਕੀਮਤ ਵਿੱਚ 5% ਕਮੀ ਹੁੰਦੀ ਹੈ ।ਆਲੂ ਦੀ ਕੀਮਤ ਲੋਚ ਦੱਸੋ।
ਉੱਤਰ 0.62
78. ਜੇ ਕੀਮਤ ਦੇ ਘੱਟਣ ਨਾਲ ਉਪਭੋਗਤਾ ਦਾ ਵਸਤੂ ਤੇ ਕੁੱਲ ਖਰਚ ਘੱਟ ਹੋ ਜਾਂਦਾ ਹੈ ਤਾਂ ਇਹ ਸੰਕੇਤ ਹੈ ਕਿ ;
(ੳ) ਇਹ ਵਸਤੂ ਘਟੀਆ ਹੈ
(ਅ) ਇਸ ਦੀ ਮੰਗ ਦੀ ਕੀਮਤ ਲੋਚ ਇਕਾਈ ਤੋਂ ਘੱਟ ਹੈ
(ੲ) ਉਪਭੋਗਤਾਵਾਂ ਵਿੱਚ ਰੁਚੀ ਦੀ ਘਾਟ ਹੈ
(ਸ) ਉਤਪਾਦਕਾਂ ਨੂੰ ਵੱਡੇ ਪੈਮਾਨੇ ਤੇ ਉਤਪਾਦਨ ਦੀਆਂ ਬੱਚਤਾਂ ਪ੍ਰਾਪਤ ਹੁੰਦੀਆਂ ਹਨ।
ਉੱਤਰ (ਅ) ਇਸ ਦੀ ਮੰਗ ਦੀ ਕੀਮਤ ਲੋਚ ਇਕਾਈ ਤੋਂ ਘੱਟ ਹੈ।

79. ਪੈਮਾਨੇ ਦੇ ਪ੍ਰਤਿਫਲ ਦੀ ਧਾਰਨਾ ਕੀ ਹੈ?

ਉੱਤਰ ਜਦੋਂ ਕੋਈ ਉਤਪਾਦਕ ਉਤਪਾਦਨ ਦੇ ਸਾਰੇ ਸਾਧਨਾਂ ਨੂੰ ਇੱਕ ਹੀ ਅਨੁਪਾਤ ਵਿੱਚ ਵਧਾਉਂਦਾ ਹੈ ਤਾਂ ਸਾਧਨ ਆਗਤਾਂ ਅਤੇ ਉਤਪਾਦਨ ਦੇ ਅਨੁਪਾਤਿਕ ਸੰਬੰਧ ਨੂੰ ਪੈਮਾਨੇ ਦੇ ਪ੍ਰਤਿਫਲ ਕਿਹਾ ਜਾਂਦਾ ਹੈ।

80. ਉਤਪਾਦਨ ਫਲਨ ਦੀ ਪਰਿਭਾਸ਼ਾ ਦਿਓ।

ਉੱਤਰ ਭੌਤਿਕ ਸਾਧਨਾਂ ਅਤੇ ਭੌਤਿਕ ਉਤਪਾਦਨ ਦੇ ਵਿੱਚ ਪਾਏ ਜਾਣ ਵਾਲ਼ੇ ਕਾਰਜਾਤਮਿਕ ਸੰਬੰਧ ਨੂੰ ਉਤਪਾਦਨ ਫਲਨ ਕਿਹਾ ਜਾਂਦਾ ਹੈ।

81. ਜਦੋਂ ਕੁੱਲ ਉਤਪਾਦਨ ਅਧਿਕਤਮ ਹੁੰਦਾ ਹੈ , ਤਾਂ ਸੀਮਾਂਤ ਉਤਪਾਦਨ ..........

(ੳ) ਇਕਾਈ ਦੇ ਬਰਾਬਰ ਹੁੰਦਾ ਹੈ (ਅ) ਅਧਿਕਤਮ ਹੁੰਦਾ ਹੈ

(ੲ) ਨਿਊਨਤਮ ਹੁੰਦਾ ਹੈ (ਸ) ਸਿਫ਼ਰ ਦੇ ਬਰਾਬਰ ਹੁੰਦਾ ਹੈ।

ਉੱਤਰ (ਸ) ਸਿਫਰ ਦੇ ਬਰਾਬਰ ਹੁੰਦਾ ਹੈ।

82. ਖਾਲੀ ਥਾਂ ਭਰੋ;

ਜਦੋਂ ਪੂੰਜੀ ਦੇ ਮੁਕਾਬਲੇ ਕਿਰਤ ਦਾ ਵਧੇਰੇ ਪ੍ਰਯੋਗ ਕੀਤਾ ਜਾਂਦਾ ਹੈ ਤਾਂ ਇਸ ਨੂੰ ........ ਤਕਨੀਕ ਕਿਹਾ ਜਾਂਦਾ ਹੈ।

ਉੱਤਰ ਕਿਰਤ ਪ੍ਰਧਾਨ

83. ਘੱਟਦੇ ਪ੍ਰਤਿਫਲ ਦਾ ਨਿਯਮ ਜ਼ਿਆਦਾਤਰ ......... ਤੇ ਲਾਗੂ ਹੁੰਦਾ ਹੈ।

ਉੱਤਰ ਖੇਤੀ

84. ਅਵਸਰ ਲਾਗਤ ਕੀ ਹੈ?

ਉੱਤਰ ਇਕ ਸਾਧਨ ਦੇ ਦੂਜੇ ਵਧੀਆ ਤਿਆਗੇ ਵਿਕਲਪਿਕ ਪ੍ਰਯੋਗ ਦੇ ਮੁੱਲ ਨੂੰ ਅਵਸਰ ਲਾਗਤ ਕਿਹਾ ਜਾਂਦਾ ਹੈ।

85. ਜਦੋਂ ਸੀਮਾਂਤ ਉਤਪਾਦ ਰਿਣਾਤਮਕ ਹੋ ਜਾਵੇ ਤਾਂ ਕੁੱਲ ਉਤਪਾਦ ਦੀ ਸਥਿਤੀ ਕੀ ਹੋਵੇਗੀ?

(ੳ) ਕੁੱਲ ਉਤਪਾਦ ਅਧਿਕਤਮ ਸੀਮਾ ਤੇ ਪਹੁੰਚ ਕੇ ਘੱਟਣਾ ਸ਼ੁਰੂ ਹੋ ਜਾਂਦਾ ਹੈ

(ਅ) ਕੁੱਲ ਉਤਪਾਦ ਅਧਿਕਤਮ ਹੁੰਦਾ ਹੈ

(ੲ) ਕੁੱਲ ਉਤਪਾਦ ਆਦਰਸ਼ਾਤਮਿਕ ਹੁੰਦਾ ਹੈ

(ਸ) ਇਹਨਾਂ ਵਿੱਚੋਂ ਕੋਈ ਨਹੀ।

ਉੱਤਰ (ੳ) ਕੁੱਲ ਉਤਪਾਦ ਅਧਿਕਤਮ ਸੀਮਾ ਤੇ ਪਹੁੰਚ ਕੇ ਘੱਟਣਾ ਸ਼ੁਰੂ ਹੋ ਜਾਂਦਾ ਹੈ।

86. ਹੇਠਾਂ ਲਿਖਿਆਂ ਵਿੱਚੋਂ ਕਿਹੜੀਆਂ ਬਾਹਰੀ ਬੱਚਤਾਂ (ਕਫਾਇਤਾਂ)ਹਨ?

(ੳ) ਪ੍ਰਬੰਧਕੀ ਕਫਾਇਤਾਂ (ਅ) ਤਕਨੀਕੀ ਕਫਾਇਤਾਂ

(ੲ) ਮਿਹਨਤ ਸਬੰਧੀ ਕਫਾਇਤਾਂ (ਸ) ਇਹਨਾਂ ਵਿੱਚੋਂ ਕੋਈ ਨਹੀ।

ਉੱਤਰ (ਸ) ਇਹਨਾਂ ਵਿੱਚੋਂ ਕੋਈ ਨਹੀ।

87. ਪੈਮਾਨੇ ਦੇ ਵਧੱਦੇ ਹੋਏ ਪ੍ਰਤਿਫਲ ਉਦੋਂ ਪ੍ਰਾਪਤ ਹੁੰਦੇ ਹਨ,ਜਦੋਂ ਸਾਰੇ ਕਾਰਕਾਂ ਵਿੱਚ ਇੱਕ ਪ੍ਰਤੀਸ਼ਤ ਵਾਧੇ ਦੇ ਫਲਸਰੂਪ ਉਤਪਾਦਨ ਵਿੱਚ ;

(ੳ) ਅਨੁਪਾਤ ਵਿੱਚ ਅਧਿਕ ਵਾਧਾ ਹੁੰਦਾ ਹੈ (ਅ) ਪ੍ਰਤਿਸ਼ਤ ਵਾਧਾ ਬਰਾਬਰ ਹੁੰਦਾ ਹੈ।

(ੲ) ਅਨੁਪਾਤ ਵਿੱਚ ਘੱਟ ਵਾਧਾ ਹੁੰਦਾ ਹੈ (ਸ) ਇਹਨਾਂ ਵਿੱਚੋਂ ਕੋਈ ਨਹੀ।

ਉੱਤਰ (ੳ) ਅਨੁਪਾਤ ਵਿੱਚ ਅਧਿਕ ਵਾਧਾ ਹੁੰਦਾ ਹੈ।

88. ਕੁੱਲ ਉਤਪਾਦ ਨੂੰ ਹੇਠਾਂ ਲਿਖਿਆਂ ਵਿੱਚੋਂ ਕਿਸ ਪ੍ਰਕਾਰ ਨਾਲ ਆਂਕਿਆ ਜਾ ਸਕਦਾ ਹੈ?

(a) $TP = \frac{AP}{L}$ (b) $TP = AP + L$

(c) $TP = AP \times L$ (d) $TP = APn - APn-1$

ਉੱਤਰ (c) $TP = AP \times L$

89. ਪਰਿਵਰਤਨਸ਼ੀਲ ਸਾਧਨ ਦੇ ਪ੍ਰਤਿ ਇਕਾਈ ਉਤਪਾਦਨ ਨੂੰ .......... ਕਹਿੰਦੇ ਹਨ।

ਉੱਤਰ ਔਸਤ ਉਤਪਾਦਨ

90. ਪਰਿਵਰਤਨਸ਼ੀਲ ਅਨੁਪਾਤ ਦਾ ਨਿਯਮ ....... ਤੇ ਲਾਗੂ ਹੁੰਦਾ ਹੈ। (ਖੇਤੀ ,ਉਦਯੋਗ)

ਉੱਤਰ ਖੇਤੀ

91. ਇੱਕ ਵਸਤੂ ਦੀ ਉਪਯੋਗਤਾ ਵਧਾਉਣ ਦੀ ਪ੍ਰਕਿਰਿਆ ,ਜਿਸ ਨਾਲ਼ ਵਸਤੂ ਦੀ ਕੀਮਤ ਵਿੱਚ ਵਾਧਾ ਹੋ ਜਾਂਦਾ ਹੈ, ਨੂੰ ............ ਕਹਿੰਦੇ ਹਨ।

ਉੱਤਰ ਉਤਪਾਦਨ

92. ਪਰਿਵਰਤਨਸ਼ੀਲ ਅਨੁਪਾਤ ਦੇ ਨਿਯਮ ਦੀ ......... ਅਵਸਥਾ ਵਿੱਚ ਸੀਮਾਂਤ ਉਤਪਾਦ ਰਿਣਾਤਮਿਕ ਹੁੰਦਾ ਹੈ।

ਉੱਤਰ ਘੱਟਦਾ ਪ੍ਰਤਿਫਲ

93. ਉਤਪਾਦਨ ਦੀਆਂ ਪ੍ਰਾਥਮਿਕ ਆਗਤਾਂ ਦਾ ਕੀ ਅਰਥ ਹੈ?

ਉੱਤਰ ਉਤਪਾਦਨ ਪ੍ਰਕਿਰਿਆ ਪ੍ਰਯੋਗ ਕਰਨ ਵਾਲੇ ਪ੍ਰਾਥਮਿਕ ਸਾਧਨ ਜਿਵੇਂ; ਭੂਮੀ,ਕਿਰਤ,ਪੂੰਜੀ ਅਤੇ ਉੱਦਮੀਸ਼ੀਲਤਾ ਨੂੰ ਉਤਪਾਦਨ ਦੀਆਂ ਪ੍ਰਾਥਮਿਕ ਆਗਤਾਂ ਕਿਹਾ ਜਾਂਦਾ ਹੈ।

94. ਜੇਕਰ ਪੂਰਤੀ ਦੀ ਲਚਕ ਇਕਾਈ ਦੇ ਬਰਾਬਰ ਹੋਵੇ ਅਤੇ ਵਸਤੂ ਦੀ ਕੀਮਤ 15% ਵੱਧ ਗਈ ਹੋਵੇ ਤਾਂ ਪੂਰਤੀ ਵਿੱਚ ਵਾਧਾ ਪਤਾ ਕਰੋ।

ਉੱਤਰ 15%

94. ਠੀਕ ਉੱਤਰ ਚੁਣੋ; ਜਦੋਂ ਪੂਰਤੀ ਘੱਟਦੀ ਹੈ,
(ੳ) ਸੰਤੁਲਨ ਕੀਮਤ ਵੱਧਦੀ ਹੈ। (ਅ) ਸੰਤੁਲਨ ਕੀਮਤ ਸਮਾਨ ਹੈ।
(ੲ) ਸੰਤੁਲਨ ਕੀਮਤ ਘੱਟਦੀ ਹੈ। (ਸ) ਇਹਨਾਂ ਵਿੱਚੋਂ ਕੋਈ ਵੀ ਨਹੀ।

ਉੱਤਰ (ੳ) ਸੰਤੁਲਨ ਕੀਮਤ ਵੱਧਦੀ ਹੈ।

96. ਜਦੋਂ ਪੂਰਤੀ ਵਿੱਚ ਕੀਮਤ ਨਾਲੋਂ ਘੱਟ ਪਰਿਵਰਤਨ ਹੁੰਦਾ ਹੈ,ਤਾਂ ਪੂਰਤੀ ..........ਹੁੰਦੀ ਹੈ।

ਉੱਤਰ ਬੇਲੋਚਦਾਰ ਪੂਰਤੀ।

97. ਜੇਕਰ ਪੂਰਤੀ ਵਕਰ ਦਾ ਮੁੱਲ ਬਿੰਦੂ 'O' ਤੋਂ ਉੱਪਰ ਉੱਠ ਕੇ $45^o$ ਦਾ ਕੋਣ ਬਣਾਉਂਦਾ ਹੈ ਤਾਂ ਪੂਰਤੀ ਦੀ ਲੋਚ ਇਕਾਈ ਹੈ।

ਉੱਤਰ ਇਕਾਈ ਦੇ ਬਰਾਬਰ।

98. ਜਦੋਂ ਪੂਰਤੀ ਵਿੱਚ ਵਾਧਾ ਆਮਦਨ ਜਾਂ ਫੈਸ਼ਨ ਆਦਿ ਕਾਰਕਾਂ ਵਿੱਚ ਪਰਿਵਰਤਨ ਦੇ ਕਾਰਨ ਹੁੰਦਾ ਹੈ ਤਾਂ ......... ਕਹਿੰਦੇ ਹਨ।
(ੳ)ਪੂਰਤੀ ਵਿੱਚ ਸੁੰਗੜਨ (ਅ) ਪੂਰਤੀ ਵਿੱਚ ਕਮੀ
(ੲ)ਪੂਰਤੀ ਵਿੱਚ ਵਾਧਾ (ਸ) ਪੂਰਤੀ ਵਿੱਚ ਵਿਸਥਾਰ

ਉੱਤਰ (ੲ)ਪੂਰਤੀ ਵਿੱਚ ਵਾਧਾ।

99. ਕੀਮਤ ਵਿੱਚ ਕਮੀ ਦੇ ਕਾਰਨ ਪੂਰਤੀ ਵਿੱਚ ਕਮੀ ਨੂੰ ......... ਕਹਿੰਦੇ ਹਨ।
(ੳ)ਪੂਰਤੀ ਵਿੱਚ ਸੁੰਗੜਨ (ਅ) ਪੂਰਤੀ ਵਿੱਚ ਕਮੀ
(ੲ)ਪੂਰਤੀ ਵਿੱਚ ਵਾਧਾ (ਸ) ਪੂਰਤੀ ਵਿੱਚ ਵਿਸਥਾਰ

ਉੱਤਰ (ੳ)ਪੂਰਤੀ ਵਿੱਚ ਸੁੰਗੜਨ।

100. ਪੂਰਤੀ ਵਿੱਚ ਵਿਸਤਾਰ ਦਾ ਕੀ ਅਰਥ ਹੈ?

ਉੱਤਰ ਜਦੋਂ ਕੀਮਤ ਵਿੱਚ ਵਾਧਾ ਹੋਣ ਨਾਲ ਪੂਰਤੀ ਵਿੱਚ ਵਾਧਾ ਹੁੰਦਾ ਹੈ ਤਾਂ ਇਸ ਨੂੰ ਪੂਰਤੀ ਦਾ ਵਿਸਤਾਰ ਕਿਹਾ ਜਾਂਦਾ ਹੈ।

101. ਪੂਰਤੀ ਵਿੱਚ ਵਾਧੇ ਦਾ ਕੀ ਅਰਥ ਹੈ?

ਉੱਤਰ ਜਦੋਂ ਕੀਮਤ ਤੋਂ ਇਲਾਵਾ ਹੋਰ ਕਾਰਨਾਂ ਕਰਕੇ ਪੂਰਤੀ ਵਿੱਚ ਵਾਧਾ ਹੁੰਦਾ ਹੈ ਤਾਂ ਇਸ ਨੂੰ ਪੂਰਤੀ ਦਾ ਵਾਧਾ ਕਿਹਾ ਜਾਂਦਾ ਹੈ।

102. ਪੂਰਤੀ ਦੇ ਸੁੰਗੜਨ ਦਾ ਕੀ ਅਰਥ ਹੈ?

ਉੱਤਰ ਜਦੋਂ ਕੀਮਤ ਵਿੱਚ ਕਮੀ ਹੋਣ ਨਾਲ਼ ਪੂਰਤੀ ਵਿੱਚ ਕਮੀ ਹੁੰਦਾ ਹੈ ਤਾਂ ਇਸ ਨੂੰ ਪੂਰਤੀ ਦਾ ਸੁੰਗੜਨ ਕਿਹਾ ਜਾਂਦਾ ਹੈ।

103. ਪੂਰਤੀ ਵਿੱਚ ਕਮੀ ਦਾ ਕੀ ਅਰਥ ਹੈ?

ਉੱਤਰ ਜਦੋਂ ਕੀਮਤ ਤੋਂ ਇਲਾਵਾ ਹੋਰ ਕਾਰਨਾਂ ਕਰਕੇ ਪੂਰਤੀ ਵਿੱਚ ਕਮੀ ਹੁੰਦਾ ਹੈ ਤਾਂ ਇਸ ਨੂੰ ਪੂਰਤੀ ਦਾ ਕਮੀ ਕਿਹਾ ਜਾਂਦਾ ਹੈ।

104. ਪੂਰਤੀ ਦੀ ਸਿਫਰ ਲੋਚ ਤੋਂ ਕੀ ਭਾਵ ਹੈ?

ਉੱਤਰ ਜਦੋਂ ਕੀਮਤ ਵਿੱਚ ਹੋਏ ਬਦਲਾਅ ਦਾ ਪੂਰਤੀ ਦੀ ਮਾਤਰਾ ਉੱਤੇ ਕੋਈ ਪ੍ਰਭਾਵ ਨਹੀਂ ਪੈਂਦਾ ਤਾਂ ਇਸ ਨੂੰ ਪੂਰਤੀ ਦੀ ਸਿਫਰ ਲੋਚ ਕਿਹਾ ਜਾਂਦਾ ਹੈ।

105. ਜੇਕਰ ਪੂਰਤੀ ਵਕਰ X-ਅਕਸ਼ ਦੇ ਸਮਾਂਨਤਰ ਹੋਵੇ ਤਾਂ ਪੂਰਤੀ ਦੀ ਲੋਚ ਕਿੰਨੀ ਹੋਵੇਗੀ?
ਉੱਤਰ ਅਨੰਤ
106. ਜੇਕਰ ਪੂਰਤੀ ਵਕਰ Y-ਅਕਸ਼ ਦੇ ਸਮਾਂਨਤਰ ਹੋਵੇ ਤਾਂ ਪੂਰਤੀ ਦੀ ਲੋਚ ਕਿੰਨੀ ਹੋਵੇਗੀ?
ਉੱਤਰ ਸਿਫਰ
107. ਜਦੋਂ ਪੂਰਤੀ ਵਿੱਚ ਕੀਮਤ ਤੋਂ ਘੱਟ ਪਰਿਵਰਤਨ ਹੁੰਦਾ ਹੈ ,ਤਾਂ ਪੂਰਤੀ ......... ਹੁੰਦੀ ਹੈ।
ਉੱਤਰ ਬੇਲੋਚਦਾਰ
108. ਪੂਰਤੀ ਦੀ ਲੋਚ= ............।

ਉੱਤਰ $$Es = \frac{P}{Q} \times \frac{\Delta Q}{\Delta P}$$

109. ਠੀਕ/ਗ਼ਲਤ ਦੱਸੋ;

$$MC = \frac{\Delta TC}{\Delta Q}$$

ਉੱਤਰ ਠੀਕ
110. ਔਸਤ ਪਰਿਵਰਤਨਸ਼ੀਲ ਲਾਗਤ ਕੀ ਹੈ? ਫਾਰਮੂਲੇ ਨਾਲ ਦੱਸੋ।
ਉੱਤਰ ਉਤਪਾਦਨ ਦੀ ਪ੍ਰਤੀ ਇਕਾਈ ਪਰਿਵਰਤਨਸ਼ੀਲ ਲਾਗਤ ਨੂੰ ਔਸਤ ਪਰਿਵਰਤਨਸ਼ੀਲ ਲਾਗਤ (AVC) ਕਿਹਾ ਜਾਂਦਾ ਹੈ।

$$AVC = \frac{TVC}{Q}$$

111. ਔਸਤ ਸਥਿਰ ਲਾਗਤ ਦੀ ਪਰਿਭਾਸ਼ਾ ਫਾਰਮੂਲੇ ਨਾਲ ਦੱਸੋ।

ਉੱਤਰ ਉਤਪਾਦਨ ਦੀ ਪ੍ਰਤਿ ਇਕਾਈ ਸਥਿਰ ਲਾਗਤ ਨੂੰ ਔਸਤ ਸਥਿਰ ਲਾਗਤ (AFC) ਕਿਹਾ ਜਾਂਦਾ ਹੈ।

$$AFC = \frac{TFC}{Q}$$

112. ਔਸਤ ਲਾਗਤ ਨੂੰ ਫਾਰਮੂਲੇ ਸਹਿਤ ਪਰਿਭਾਸ਼ਿਤ ਕਰੋ।
ਉੱਤਰ
113. ਖ਼ਾਲੀ ਥਾਂ ਭਰੋ;

$$AFC = \frac{TFC}{--} \quad (Q,TC)$$

ਉੱਤਰ Q
114. ਇੱਕ ਵਸਤੂ ਦੀ ਪ੍ਰਤਿ ਇਕਾਈ ਲਾਗਤ ਨੂੰ ...... ਕਹਿੰਦੇ ਹਨ।
**ਉੱਤਰ** ਔਸਤ ਲਾਗਤ
115. ਉਤਪਾਦਨ ਦੀ ਮਾਤਰਾ ਵਿੱਚ ਪਰਿਵਰਤਨ ਕਾਰਨ ਜਿਹਨਾਂ ਲਾਗਤਾਂ ਵਿੱਚ ਪਰਿਵਰਤਨ ਨਹੀਂ ਹੁੰਦਾ ਨੂੰ ...... ਕਹਿੰਦੇ ਹਨ।
(ੳ) ਕੁੱਲ ਸਥਿਰ ਲਾਗਤਾਂ (ਅ) ਪਰਿਵਰਤਨਸ਼ੀਲ ਲਾਗਤਾਂ
(ੲ) ਔਸਤ ਲਾਗਤਾਂ (ਸ) ਕੋਈ ਵੀ ਨਹੀਂ।
ਉੱਤਰ (ੳ) ਕੁੱਲ ਸਥਿਰ ਲਾਗਤਾਂ।

116. ਉਤਪਾਦਨ ਦੀ ਮਾਤਰਾ ਵਿੱਚ ਪਰਿਵਰਤਨ ਕਾਰਨ ਜਿਹਨਾਂ ਲਾਗਤਾਂ ਵਿੱਚ ਪਰਿਵਰਤਨ ਹੁੰਦਾ ਨੂੰ ...... ਕਹਿੰਦੇ ਹਨ।

(ੳ) ਕੁੱਲ ਸਥਿਰ ਲਾਗਤਾਂ (ਅ) ਪਰਿਵਰਤਨਸ਼ੀਲ ਲਾਗਤਾਂ

(ੲ) ਔਸਤ ਲਾਗਤਾਂ (ਸ) ਕੋਈ ਵੀ ਨਹੀਂ।

ਉੱਤਰ (ਅ) ਪਰਿਵਰਤਨਸ਼ੀਲ ਲਾਗਤਾਂ

117. ਖ਼ਾਲੀ ਥਾਂ ਭਰੋ;

$$AVC = \frac{?}{Q} \quad (AC, TVC)$$

ਉੱਤਰ TVC

118. ਖ਼ਾਲੀ ਥਾਂ ਭਰੋ;

$$AC = \frac{TC}{--} \quad (Q, TVC)$$

ਉੱਤਰ Q

119. TC= TFC+ ? (AVC ,TVC)

ਉੱਤਰ TVC

120. ਸੀਮਾਂਤ ਲਾਗਤ, ਕੁੱਲ ਲਾਗਤ ਵਿੱਚ ਹੋਣ ਵਾਲਾ ਵਾਧਾ ਹੈ ਜੋ ਪ੍ਰਤਿ ਇਕਾਈ ਉਤਪਾਦਨ ਵੱਧਣ ਦੇ ਕਾਰਨ ਖ਼ਰਚ ਕਰਨੀ ਪੈਂਦੀ ਹੈ। (ਸਹੀ/ਗ਼ਲਤ)

ਉੱਤਰ ਸਹੀ

121. ਔਸਤ ਲਾਗਤ ਵਕਰ ਦੇ ..... ਬਿੰਦੂ ਤੇ ਔਸਤ ਅਤੇ ਸੀਮਾਂਤ ਲਾਗਤ ਬਰਾਬਰ ਹੁੰਦੇ ਹਨ।(ਨਿਊਨਤਮ,ਉਚਤਮ)

ਉੱਤਰ ਨਿਊਨਤਮ

122. ਨਿੱਜੀ ਲਾਗਤ ਦਾ ਕੀ ਅਰਥ ਹੈ?

ਉੱਤਰ ਇੱਕ ਵਿਅਕਤੀਗਤ ਫਰਮ ਦੁਆਰਾ ਕਿਸੇ ਵਸਤੂ ਦਾ ਉਤਪਾਦਨ ਕਰਨ ਦੀ ਲਾਗਤ ਨੂੰ ਨਿੱਜੀ ਲਾਗਤ ਕਿਹਾ ਜਾਂਦਾ ਹੈ।

123. ਜਿਵੇਂ-ਜਿਵੇਂ ਉਤਪਾਦਨ ਵਿੱਚ ਵਾਧਾ ਹੁੰਦਾ ਹੈ, ਔਸਤ ਸਥਿਰ ਲਾਗਤ ਦਾ ਵਿਵਹਾਰ ਕੀ ਹੁੰਦਾ ਹੈ ?

ਉੱਤਰ ਔਸਤ ਸਥਿਰ ਲਾਗਤ ਘੱਟਦੀ ਜਾਂਦੀ ਹੈ ਪਰ ਕਦੇ ਵੀ ਸਿਫਰ ਨਹੀਂ ਹੁੰਦੀ।

124. ਮੌਦ੍ਰਿਕ ਲਾਗਤ ਕਿਸ ਨੂੰ ਕਿਹਾ ਜਾਂਦਾ ਹੈ?

ਉੱਤਰ ਮੌਦ੍ਰਿਕ ਲਾਗਤ ਤੋਂ ਭਾਵ ਕਿਸੇ ਵਸਤੂ ਦਾ ਉਤਪਾਦਨ ਕਰਨ ਲਈ ਉਤਪਾਦਕ ਦੁਆਰਾ ਕੀਤੇ ਗਏ ਸਾਰੇ ਮੌਦ੍ਰਿਕ ਖਰਚਿਆਂ ਤੋਂ ਹੈ।

125. ਸਥਿਰ ਲਾਗਤ ਵਕਰ X-ਅਕਸ਼ ਦੇ ਸਮਾਨਾਂਤਰ ਕਿਉਂ ਹੁੰਦੀ ਹੈ?

ਉੱਤਰ ਉਤਪਾਦਨ ਦੇ ਸਾਰੇ ਪੱਧਰਾਂ ਤੇ ਸਥਿਰ ਲਾਗਤ ਸਥਿਰ ਬਣੀ ਰਹਿੰਦੀ ਹੈ।ਇਸ ਲਈ ਸਥਿਰ ਲਾਗਤ X-ਅਕਸ਼ ਦੇ ਸਮਾਂਨਤਰ ਹੁੰਦੀ ਹੈ।

126. ਜੇ ਕਿਸੇ ਵਸਤੂ ਦੀਆ 3 ਇਕਾਈਆਂ ਦੀ ਉਤਪਾਦਨ ਲਾਗਤ 50 ਰੁ: ਹੈ ਅਤੇ 4 ਇਕਾਈਆਂ ਦੀ ਉਤਪਾਦਨ ਲਾਗਤ 55 ਰੁ: ਹੈ ਤਾਂ ਸੀਮਾਂਤ ਲਾਗਤ ਕੀ ਹੋਵੇਗੀ?

ਉੱਤਰ **5**

127. ਸਥਿਰ ਲਾਗਤ ਕਿਹੜੀ ਹੈ?

(ੳ) ਬਿਜਲੀ ਦਾ ਬਿੱਲ (ਅ) ਕੱਚੇ ਮਾਲ ਤੇ ਖਰਚ

(ੲ)ਰੋਜ਼ਾਨਾ ਕੰਮ ਦੀ ਮਜ਼ਦੂਰੀ (ਸ) ਸਥਾਈ ਪੂੰਜੀ ਤੇ ਵਿਆਜ ।

ਉੱਤਰ (ਸ) ਸਥਾਈ ਪੂੰਜੀ ਤੇ ਵਿਆਜ ।

128. ਹੇਠ ਲਿਖਿਆਂ ਵਿੱਚੋਂ ਕਿਹੜਾ ਸਹੀ ਹੈ;
(a) TC=TFC × TVC (b) TC= TFC÷TVC
(c) TC=TFC+TVC (d) TC= TFC-TVC

ਉੱਤਰ TC=TFC+TVC
129. ਸੰਤੁਲਨ ਦੀ ਅਵਸਥਾ ਵਿੱਚ ਸੀਮਾਂਤ ਲਾਗਤ ਵਕਰ ਸੀਮਾਂਤ ਆਮਦਨ ਵਕਰ ਨੂੰ ਹੇਠਾਂ ਤੋਂ ਕੱਟਦੀ ਹੈ। (ਸਹੀ /ਗ਼ਲਤ)
ਉੱਤਰ ਸਹੀ
130. ਪੂਰਨ ਪ੍ਰਤਿਯੋਗਤਾ ਦੇ ਅਧੀਨ ;
(ੳ) ਕੀਮਤ = AR=MR (ਅ) MR ਵਕਰ AR ਵਕਰ ਦੇ ਹੇਠਾਂ ਰਹਿੰਦਾ ਹੈ।
(ੲ) ਔਸਤ ਪ੍ਰਾਪਤੀ ਸਥਿਰ ਰਹਿੰਦੀ ਹੈ। (ਸ) ਦੋਵੇਂ (ੳ)ਅਤੇ (ੲ)
ਉੱਤਰ (ਸ) ਦੋਵੇਂ (ੳ) ਅਤੇ (ੲ)
131. ਹੇਠਾਂ ਲਿਖਿਆਂ ਵਿੱਚੋਂ ਕਿਹੜਾ ਸੂਤਰ ਸਹੀ ਹੈ?
P×Q
(a) AR=---------- (b) AR=P+Q (c) AR= P-Q (d) AR= P÷Q

Q

P×Q
ਉੱਤਰ (a) AR=----------
Q
132. ਜਦੋਂ ਸੀਮਾਂਤ ਆਮਦਨ ਸਿਫਰ ਹੁੰਦੀ ਹੈ ਤਾਂ;
(ੳ) ਕੁੱਲ ਆਮਦਨ ਨਿਊਨਤਮ ਹੁੰਦੀ ਹੈ (ਅ) ਕੁੱਲ ਆਮਦਨ ਸਿਫਰ ਹੁੰਦੀ ਹੈ
(ੲ) ਕੁੱਲ ਆਮਦਨ ਅਧਿਕਤਮ ਹੁੰਦੀ ਹੈ (ਸ) ਕੁੱਲ ਆਮਦਨ ਸੀਮਾਂਤ ਆਮਦਨ ਦੇ ਬਰਾਬਰ ਹੁੰਦੀ ਹੈ।
ਉੱਤਰ (ੲ) ਕੁੱਲ ਆਮਦਨ ਅਧਿਕਤਮ ਹੁੰਦੀ ਹੈ
133. ਜਦੋਂ ਸੀਮਾਂਤ ਆਮਦਨ ਘੱਟ ਰਹੀ ਹੁੰਦੀ ਹੈ ਤਾਂ ਕੁੱਲ ਆਮਦਨ ......... ਵੱਧ ਰਹੀ ਹੁੰਦੀ ਹੈ।
(ੳ) ਵੱਧਦੀ ਦਰ ਨਾਲ਼ (ਅ) ਘੱਟਦੀ ਦਰ ਨਾਲ਼
(ੲ) ਸਥਿਰ ਦਰ ਨਾਲ਼ (ਸ) ਉਪਰੋਕਤ ਸਾਰੇ।
ਉੱਤਰ (ਅ) ਘੱਟਦੀ ਦਰ ਨਾਲ
134. ਜਦੋਂ ਔਸਤ ਆਮਦਨ ਸਥਿਰ ਨਾ ਹੋਵੇ ਤਾਂ ਸੀਮਾਂਤ ਆਮਦਨ ......... ਹੁੰਦੀ ਹੈ।
(ੳ) ਵੱਧਦੀ (ਅ) ਘੱਟਦੀ
(ੲ) ਸਥਿਰ (ਸ) ਕੋਈ ਵੀ ਨਹੀ।
ਉੱਤਰ (ਅ) ਘੱਟਦੀ
135. ਖ਼ਾਲੀ ਥਾਂ ਭਰੋ;
?
AR=------------ (MR,TR)
Q
ਉੱਤਰ TR
136. ਖ਼ਾਲੀ ਥਾਂ ਭਰੋ;
ΔTR
---------- = ? (AR,MR)
ΔQ

ਉੱਤਰ MR
137. ਔਸਤ ਆਮਦਨ ਵਕਰ ਨੂੰ ਮੰਗ ਵਕਰ ਵੀ ਕਿਹਾ ਜਾਂਦਾ ਹੈ। (ਸਹੀ/ਗ਼ਲਤ)
ਉੱਤਰ ਸਹੀ

138. ਔਸਤ ਆਮਦਨ ਹਮੇਸ਼ਾਂ ਕੀਮਤ ਦੇ ਸਮਾਨ ਰਹਿੰਦੀ ਹੈ। (ਸਹੀ/ਗ਼ਲਤ)
ਉੱਤਰ ਸਹੀ
139. ਅਧਿਕਤਮ ਲਾਭ ਤੋਂ ਕੀ ਭਾਵ ਹੈ?
ਉੱਤਰ ਜਦੋਂ ਕੁੱਲ ਆਮਦਨ TR ਅਤੇ ਕੁੱਲ ਲਾਗਤ TC ਦਾ ਅੰਤਰ ਅਧਿਕਤਮ ਹੁੰਦਾ ਹੈ।
140. ਆਮਦਨ ਦੀ ਕਿਹੜੀ ਧਾਰਨਾ ਕੀਮਤ ਦੇ ਬਰਾਬਰ ਹੁੰਦੀ ਹੈ;
(ੳ) ਕੁੱਲ ਆਮਦਨ (ਅ) ਔਸਤ ਆਮਦਨ
(ੲ) ਸੀਮਾਂਤ ਆਮਦਨ (ਸ) ਕੋਈ ਨਹੀਂ
ਉੱਤਰ (ਅ)ਔਸਤ ਆਮਦਨ
141. ਸਹੀ/ਗ਼ਲਤ;
ਸ਼ੁੱਧ ਲਾਭ= ਕੁੱਲ ਆਮਦਨ -ਕੁੱਲ ਲਾਗਤ
ਉੱਤਰ ਸਹੀ
142. ਸੀਮਾਂਤ ਆਮਦਨ ਕੀ ਹੁੰਦੀ ਹੈ?
ਉੱਤਰ ਉਤਪਾਦਨ ਦੀ ਇੱਕ ਜਿਆਦਾ ਇਕਾਈ ਵੇਚਣ ਤੇ ਕੁੱਲ ਆਮਦਨ ਵਿੱਚ ਹੋਏ ਪਰਿਵਰਤਨ ਨੂੰ ਸੀਮਾਂਤ ਆਮਦਨ ਕਹਿੰਦੇ ਹਨ।
143. ਸਮਸਤਰ ਬਿੰਦੂ (Break-even point) ਕੀ ਦਰਸਾਉਂਦਾ ਹੈ?
(ੳ) ਅਸਧਾਰਨ ਲਾਭ (ਅ) ਅਸਧਾਰਨ ਹਾਨੀ
(ੲ) ਅਧਿਕਤਮ ਲਾਭ (ਸ) ਨਾ ਹਾਨੀ ਨਾ ਲਾਭ
ਉੱਤਰ (ਸ) ਨਾ ਹਾਨੀ ਨਾ ਲਾਭ
144. ਉਤਪਾਦਕ ਦੇ ਸੰਤੁਲਨ ਦੀ ਪਰਿਭਾਸ਼ਾ ਦਿਓ
ਉੱਤਰ ਉਤਪਾਦਕ ਦੇ ਸੰਤੁਲਨ ਤੋਂ ਭਾਵ ਉਹ ਸਥਿਤੀ ਜਿਸ ਵਿੱਚ ਉਸ ਦੇ ਲਾਭ ਅਧਿਕਤਮ ਅਤੇ ਹਾਨੀ ਨਿਊਨਤਮ ਹੁੰਦੀ ਹੈ।
145. ਉਚਤਮ ਲਾਭ ਤੋਂ ਕੀ ਭਾਵ ਹੈ?
ਉੱਤਰ ਇਸ ਤੋਂ ਭਾਵ ਕੁੱਲ ਆਮਦਨ ਅਤੇ ਕੁੱਲ ਲਾਗਤ ਦਾ ਅੰਤਰ ਉਚਤਮ ਹੈ।
146. ਸ਼ੁੱਧ ਲਾਭ ਕਿਸ ਨੂੰ ਕਹਿੰਦੇ ਹਨ?
ਉੱਤਰ ਸ਼ੁੱਧ ਲਾਭ , ਕੁੱਲ ਆਮਦਨ ਅਤੇ ਕੁੱਲ ਲਾਗਤ ਦਾ ਅੰਤਰ ਹੈ
147. ਉਹ ਬਿੰਦੂ ਜਿਸ ਤੇ TR =TC ਹੈ ਉਸ ਨੂੰ ....... ਕਿਹਾ ਜਾਂਦਾ ਹੈ। (ਪਰਿਵਰਤਨ ਬਿੰਦੂ/ ਸਮਸਤਰ ਬਿੰਦੂ)
ਉੱਤਰ ਸਮਸਤਰ ਬਿੰਦੂ
148. TR-TVC = ............ (ਸਕਲ ਲਾਭ /ਸ਼ੁੱਧ ਲਾਭ)
ਉੱਤਰ ਸਕਲ ਲਾਭ
149. ਨਿਊਨਤਮ ਹਾਨੀ ਤੋਂ ਕੀ ਭਾਵ ਹੈ ?
ਉੱਤਰ ਇਸ ਦਾ ਅਰਥ ਹੈ ਉਤਪਾਦਕ ਨੂੰ ਅਲਪਕਾਲ ਵਿੱਚ ਬੱਧੀ ਲਾਗਤ ਜਾਂ ਉਸ ਦੇ ਕਿਸੇ ਹਿੱਸੇ ਦੀ ਹੋਣ ਵਾਲੀ ਹਾਨੀ ।
150. ਕੁੱਲ ਲਾਭ ਤੋਂ ਕੀ ਭਾਵ ਹੈ?
ਉੱਤਰ ਕੁੱਲ ਲਾਭ ਕੁੱਲ ਆਮਦਨ ਅਤੇ ਕੁੱਲ ਪਰਿਵਰਤਨਸ਼ੀਲ ਲਾਗਤ ਦਾ ਅੰਤਰ ਹੁੰਦਾ ਹੈ।
151. ਕਿਸੇ ਫਰਮ ਦਾ ਉਤਪਾਦਨ ਬੰਦ ਕਰਨ ਵਾਲੇ ਬਿੰਦੂ (Shut-down Point ) ਤਦ ਆਉਂਦਾ ਹੈ ਜਦੋਂ ........... ਹੁੰਦਾ ਹੈ
(a) TR=TVC (b)TR=TC (c)TC=AVC (d)MC=AC
ਉੱਤਰ (a) TR=TVC
152. ਉਤਪਾਦਕ ਦੇ ਸੰਤੁਲਨ ਦੀਆਂ ਦੋ ਸ਼ਰਤਾਂ ਦੱਸੋ।
ਉੱਤਰ (i) MC=MR (ii) MC ਵਧ ਰਹੀ ਹੋਵੇ।
153. ਕਿਹੜੀ ਬਜ਼ਾਰ ਅਵਸਥਾ ਦੇ ਅੰਤਰਗਤ , ਵਸਤੂਆਂ ਦੇ ਨੇੜਲੇ ਪ੍ਰਤਿਸਥਾਪਕ ਮੌਜੂਦ ਨਹੀਂ ਹੁੰਦੇ?
(ੳ) ਪੂਰਨ ਮੁਕਾਬਲਾ (ਅ) ਏਕਾਧਿਕਾਰ
(ੲ) ਏਕਾਇਧਿਕਾਰ ਪ੍ਰਤਿਯੋਗਤਾ (ਸ) ਇਹਨਾਂ ਵਿੱਚੋਂ ਕੋਈ ਨਹੀਂ
ਉੱਤਰ (ਅ) ਏਕਾਧਿਕਾਰ

154. ਖਾਲੀ ਥਾਂ ਭਰੋ;
ਸਮਰੂਪ ਵਸਤੂਆਂ .......... ਬਜ਼ਾਰ ਦੀ ਮਹੱਤਵਪੂਰਨ ਵਿਸ਼ੇਸ਼ਤਾ ਹੈ।

ਉੱਤਰ ਪੂਰਨ ਮੁਕਾਬਲਾ

155. ਪੂਰਨ ਮੁਕਾਬਲਾ ਸਭ ਤੋਂ ਵਧੇਰੇ ਵਿਹਾਰਿਕ ਬਜ਼ਾਰ ਹੁੰਦਾ ਹੈ। (ਠੀਕ/ਗ਼ਲਤ)

ਉੱਤਰ ਠੀਕ

156. ਏਕਾਧਿਕਾਰ ਵਿੱਚ ਵਸਤੂ .......... ਹੁੰਦੀ ਹੈ।
(ੳ) ਸਮਰੂਪ (ਅ) ਵਿਲੱਖਣ
(ੲ) ਵਿਸ਼ਮਰੂਪ (ਸ) ਕੋਈ ਵੀ ਨਹੀਂ।

ਉੱਤਰ (ਅ)ਵਿਲੱਖਣ

157. ਇੱਕ ਬਜ਼ਾਰ ਵਿਵਸਥਾ ਜਿਸ ਵਿੱਚ ਕੇਵਲ ਦੋ ਉਤਪਾਦਕ ਹੁੰਦੇ ਹਨ ਨੂੰ ......... ਕਹਿੰਦੇ ਹਨ।
(ੳ) ਏਕਾਧਿਕਾਰ (ਅ) ਦੋ-ਧਿਕਾਰ
(ੲ) ਅਲਪਾਧਿਕਾਰ (ਸ) ਏਕਾਧਿਕਾਰੀ ਪ੍ਰਤਿਯੋਗਤਾ

ਉੱਤਰ (ਅ) ਦੋ-ਧਿਕਾਰ

158. ਕਿਸ ਬਜ਼ਾਰ ਵਿੱਚ ਇੱਕ ਫਰਮ ਕੀਮਤ ਸਵੀਕਾਰਕ ਹੁੰਦੀ ਹੈ?
(ੳ) ਏਕਾਧਿਕਾਰ (ਅ) ਪੂਰਨ ਮੁਕਾਬਲਾ
(ੲ) ਅਲਪਧਿਕਾਰ (ਸ) ਏਕਾਧਿਕਾਰੀ ਪ੍ਰਤਿਯੋਗਤਾ

ਉੱਤਰ (ਅ) ਪੂਰਨ ਮੁਕਾਬਲਾ

159. ਕੀਮਤ ਵਿਭੇਦ ......... ਵਿੱਚ ਸੰਭਵ ਹੈ । (ਏਕਾਧਿਕਾਰ /ਪੂਰਨ ਪ੍ਰਤਿਯੋਗਤਾ)

ਉੱਤਰ ਏਕਾਧਿਕਾਰ

160. ਪੂਰਨ ਪ੍ਰਤਿਯੋਗਤਾ ਦੀ ਹਾਲਤ ਵਿੱਚ ਕੀਮਤ ....... ਨਿਰਧਾਰਿਤ ਕਰਦਾ ਹੈ। (ਫਰਮ/ਉਦਯੋਗ)

ਉੱਤਰ ਉਦਯੋਗ

161. ਸਮਰੂਪ ਵਸਤੂਆਂ ......... ਬਜ਼ਾਰ ਦੀ ਮਹੱਤਵਪੂਰਣ ਵਿਸ਼ੇਸ਼ਤਾ ਹੈ। (ਏਕਾਧਿਕਾਰ/ਪੂਰਨ ਮੁਕਾਬਲਾ)

ਉੱਤਰ ਪੂਰਨ ਮੁਕਾਬਲਾ

162. ਪੂਰਨ ਪ੍ਰਤਿਯੋਗਤਾ ਵਿੱਚ ਕਿਹੜੀ ਵਿਸ਼ੇਸ਼ਤਾ ਹੈ ਜੋ ਸ਼ੁੱਧ ਪ੍ਰਤੀਯੋਗਤਾ ਵਿੱਚ ਨਹੀਂ ਹੈ। (ਪੂਰਨ ਗਿਆਨ ਤੇ ਪੂਰਨ ਗਤੀਸ਼ੀਲਤਾ / ਸਮਰੂਪ ਵਸਤੂਆਂ)

ਉੱਤਰ ਪੂਰਨ ਗਿਆਨ ਤੇ ਪੂਰਨ ਗਤੀਸ਼ੀਲਤਾ

163. ਏਕਾਧਿਕਾਰ ਪ੍ਰਤੀਯੋਗਤਾ ਦੀ ਹਾਲਤ ਵਿੱਚ ........ ਵਸਤੂਆਂ ਦਾ ਉਤਪਾਦਨ ਹੁੰਦਾ ਹੈ।(ਸਮਰੂਪ/ਵੱਖ-ਵੱਖ)

ਉੱਤਰ ਵੱਖ-ਵੱਖ

164. ਇੱਕ ਹੀ ਵਸਤੂ ਅਤੇ ਸੇਵਾ ਬਦਲੇ ਵੱਖ-ਵੱਖ ਖਰੀਦਦਾਰਾਂ ਤੋਂ ਵੱਖ-ਵੱਖ ਕੀਮਤਾਂ ਵਸੂਲ ਕਰਨ ਦੀ ਕਿਰਿਆ ਨੂੰ ਕਿਹਾ ਜਾਂਦਾ ਹੈ।
(ੳ)ਕੀਮਤ ਵਿਸਥਾਰ (ਅ) ਕੀਮਤ ਦਾ ਸੁੰਗੜਨਾ
(ੲ) ਕੀਮਤ ਵਿਭੇਦ (ਸ) ਉਪਰਲੇ ਸਾਰੇ।

ਉੱਤਰ (ੲ) ਕੀਮਤ ਵਿਭੇਦ

165. ਕਿਸ ਬਜ਼ਾਰ ਵਿੱਚ ਦੂਸਰੇ ਬਜ਼ਾਰਾਂ ਦੇ ਮੁਕਾਬਲੇ ਘੱਟ ਕੀਮਤ ਤੇ ਜਿਆਦਾ ਉਤਪਾਦਨ ਹੁੰਦਾ ਹੈ?
(ੳ) ਏਕਾਧਿਕਾਰ (ਅ) ਪੂਰਨ ਮੁਕਾਬਲਾ
(ੲ) ਅਲਪਧਿਕਾਰ (ਸ) ਏਕਾਧਿਕਾਰੀ ਪ੍ਰਤੀਯੋਗਤਾ

ਉੱਤਰ (ਅ) ਪੂਰਨ ਮੁਕਾਬਲਾ

166. ਉਹ ਬਜ਼ਾਰ ਜਿਥੇ ਇੱਕੋ ਜਿਹੀਆਂ ਵਸਤੂਆਂ ਦਾ ਵਟਾਂਦਰਾ ਹੁੰਦਾ ਹੈ ......... ਪ੍ਰਤੀਯੋਗਤਾ ਬਜ਼ਾਰ ਕਹਾਉਂਦਾ ਹੈ। (ਪੂਰਨ/ਅਪੂਰਨ )

ਉੱਤਰ ਪੂਰਨ

167. ਪੂਰਨ ਪ੍ਰਤਿਯੋਗਤਾ ਬਜ਼ਾਰ ਵਿੱਚ ਵਿਕਰੀ ਲਾਗਤਾਂ ਪਾਈਆਂ ਜਾਂਦੀਆਂ ਹਨ ।(ਸਹੀ/ਗਲਤ)

ਉੱਤਰ ਗਲਤ

168. ਠੀਕ ਉੱਤਰ ਚੁਣੋ;
ਸੰਤੁਲਨ ਕੀਮਤ ਉਸ ਸਮੇਂ ਘੱਟ ਹੁੰਦੀ ਹੈ ਜਦੋਂ;
(ੳ) ਮੰਗ ਅਤੇ ਪੂਰਤੀ ਬਰਾਬਰ ਹੁੰਦੀਆਂ ਹਨ। (ਅ) ਮੰਗ ਪੂਰਤੀ ਤੋਂ ਘੱਟ ਹੁੰਦੀ ਹੈ।
(ੲ) ਮੰਗ ਪੂਰਤੀ ਤੋਂ ਵੱਧ ਹੁੰਦੀ ਹੈ। (ਸ) ਇਹਨਾਂ ਵਿੱਚੋਂ ਕੋਈ ਨਹੀਂ।
ਉੱਤਰ (ਅ) ਮੰਗ ਪੂਰਤੀ ਤੋਂ ਘੱਟ ਹੁੰਦੀ ਹੈ।
169. ਠੀਕ ਉੱਤਰ ਚੁਣੋ;
ਸੰਤੁਲਨ ਕੀਮਤ ਉਸ ਸਮੇਂ ਵੱਧ ਜਾਂਦੀ ਹੈ ਜਦੋਂ;
(ੳ) ਮੰਗ ਅਤੇ ਪੂਰਤੀ ਬਰਾਬਰ ਹੁੰਦੀਆਂ ਹਨ। (ਅ) ਮੰਗ ਪੂਰਤੀ ਤੋਂ ਘੱਟ ਹੁੰਦੀ ਹੈ।
(ੲ) ਮੰਗ ਪੂਰਤੀ ਤੋਂ ਵੱਧ ਹੁੰਦੀ ਹੈ। (ਸ) ਇਹਨਾਂ ਵਿੱਚੋਂ ਕੋਈ ਨਹੀਂ।
ਉੱਤਰ (ੲ) ਮੰਗ ਪੂਰਤੀ ਤੋਂ ਵੱਧ ਹੁੰਦੀ ਹੈ।

170. ਸਮੇਂ ਦੀ ਉਸ ਅਵਧੀ ਨੂੰ ਜਦੋਂ ਮੰਗ ਵਿੱਚ ਪਰਿਵਰਤਨ ਦੇ ਅਨੁਸਾਰ ਪੂਰਤੀ ਦਾ ਪੂਰਨ ਸਮਾਯੋਜਨ ਹੋ ਜਾਂਦਾ ਹੈ, ਕਹਿੰਦੇ ਹਨ;
(ੳ) ਅਪਲਕਾਲ (ਅ) ਅਤਿ-ਅਲਪਕਾਲ
(ੲ) ਮੱਧ-ਅਵਧੀ (ਸ) ਦੀਰਘਕਾਲ
ਉੱਤਰ (ਸ) ਦੀਰਘਕਾਲ
171. ਸੰਤੁਲਨ ਕੀਮਤ ........... ਰਾਹੀਂ ਨਿਰਧਾਰਿਤ ਹੁੰਦੀ ਹੈ।
(ੳ) ਫਰਮ (ਅ) ਉਦਯੋਗ
(ੲ) ਸਾਂਝੇਦਾਰੀ (ਸ) ਕੋਈ ਵੀ ਨਹੀਂ
ਉੱਤਰ (ਅ) ਉਦਯੋਗ
172. ਜਦੋਂ ਮੰਗ ਵੱਧ ਹੁੰਦੀ ਹੈ ਤਾਂ ਕੀਮਤ ਵਿੱਚ ...... ਹੋਵੇਗਾ ।
(ੳ) ਕਮੀ (ਅ) ਵਾਧਾ
(ੲ) ਸਥਿਰਤਾ (ਸ) ਕੋਈ ਵੀ ਨਹੀਂ
ਉੱਤਰ (ਅ)ਵਾਧਾ
173. ਜੇਕਰ ਵਸਤੂ ਦੀ ਮੰਗ ਘੱਟ ਹੁੰਦੀ ਹੈ ਤਾਂ ਸੰਤੁਲਨ ਕੀਮਤ ਵਿੱਚ ........... ਹੈ।
(ੳ) ਕਮੀ ਹੁੰਦੀ (ਅ) ਵਾਧਾ ਹੁੰਦਾ
(ੲ) ਸਥਿਰਤਾ ਹੁੰਦੀ (ਸ) ਕੋਈ ਵੀ ਨਹੀਂ
ਉੱਤਰ (ੳ) ਕਮੀ ਹੁੰਦੀ
174. ਦੀਰਘਕਾਲ ਵਿੱਚ ਇੱਕ ਵਸਤੂ ਦੀ ਕੀਮਤ ਉਸ ਦੀ ਸੀਮਾਂਤ ...... ਦੇ ਬਰਾਬਰ ਹੁੰਦੀ ਹੈ।(ਲਾਗਤ/ਉਪਯੋਗਤਾ)
ਉੱਤਰ ਲਾਗਤ
175. ਅਲਪਕਾਲ ਵਿੱਚ ਕੀਮਤ ਤੇ ........... ਦਾ ਪ੍ਰਭਾਵ ਜਿਆਦਾ ਹੁੰਦਾ ਹੈ। (ਮੰਗ/ਪੂਰਤੀ)
ਉੱਤਰ ਮੰਗ
176. ਪੂਰਨ ਪ੍ਰਤਿਯੋਗਤਾ ਵਿੱਚ ਇੱਕ ਫਰਮ ਕੀਮਤ ਨੂੰ ਪ੍ਰਭਾਵਿਤ ਕਰਦੀ ਹੈ। (ਸਹੀ/ਗ਼ਲਤ )
ਉੱਤਰ ਗਲਤ
177. ਨਿਊਨਤਮ ਕੀਮਤ ਦਾ ਸਬੰਧ ਨਿਯੰਤਰਨ ਕੀਮਤ ਤੋਂ ਹੈ। (ਸਹੀ/ਗ਼ਲਤ)
ਉੱਤਰ ਸਹੀ
178. ਕਿਸੇ ਵਸਤੂ ਦੀ 'ਵਾਧੂ ਮੰਗ' ਦਾ ਕੀ ਅਰਥ ਹੈ?
ਉੱਤਰ ਜਦੋਂ ਵਰਤਮਾਨ ਕੁੱਲ ਮੰਗ ਅਰਥਵਿਵਸਥਾ ਵਿੱਚ ਪੂਰਨ ਰੁਜ਼ਗਾਰ ਪ੍ਰਾਪਤ ਕਰਨ ਲਈ ਜਰੂਰੀ ਮੰਗ ਪੱਧਰ ਤੋਂ ਵੱਧ ਹੁੰਦੀ ਹੈ।
179. ਸੰਤੁਲਤ ਕੀਮਤ ਦਾ ਅਰਥ ਦੱਸੋ।
ਉੱਤਰ ਜਿੱਥੇ ਕਿਸੇ ਵਸਤੂ ਦੀ ਬਜ਼ਾਰ ਮੰਗ,ਬਜ਼ਾਰ ਪੂਰਤੀ ਦੇ ਬਰਾਬਰ ਹੁੰਦੀ ਹੈ ।
180. ਸੰਤੁਲਨ ਬਿੰਦੂ ਤੋਂ ਕੀ ਭਾਵ ਹੈ?
ਉੱਤਰ ਜਿਸ ਬਿੰਦੂ ਤੇ ਵਸਤੂ ਦੀ ਬਜ਼ਾਰ ਮੰਗ,ਬਜ਼ਾਰ ਪੂਰਤੀ ਦੇ ਬਰਾਬਰ ਹੁੰਦੀ ਹੈ ,ਉਸ ਬਿੰਦੂ ਨੂੰ ਸੰਤੁਲਨ ਬਿੰਦੂ ਕਿਹਾ ਜਾਂਦਾ ਹੈ।

181. ਸਹੀ ਉੱਤਰ ਦੀ ਚੋਣ ਕਰੋ:

ਸਮੱਸ਼ਟੀ ਅਰਥਸ਼ਾਸਤਰ ਅਧਿਐਨ ਕਰਦਾ ਹੈ;

(ੳ) ਇੱਕ ਵਿਅਕਤੀ (ਅ) ਇੱਕ ਉਦਯੋਗ
(ੲ) ਸੰਪੂਰਨ ਅਰਥਵਿਵਸਥਾ (ਸ) ਕੋਈ ਨਹੀਂ

ਉੱਤਰ (ੲ) ਸੰਪੂਰਨ ਅਰਥਵਿਵਸਥਾ

182. ਹੇਠਾਂ ਲਿਖੇ ਵਿੱਚ ਠੀਕ/ਗ਼ਲਤ ਦੱਸੋ;
ਸਮਸ਼ਟੀ ਅਰਥਸ਼ਾਸਤਰ ਦੀ ਕੋਈ ਸੀਮਾ ਨਹੀਂ ਹੈ।

ਉੱਤਰ ਠੀਕ

183. ਹੇਠ ਲਿਖਿਆ ਕਥਨ ਠੀਕ ਹੈ ਜਾਂ ਗ਼ਲਤ;
ਸਾਰੀ ਅਰਥਵਿਵਸਥਾ ਦੇ ਅਧਿਐਨ ਨੂੰ ਸਮੱਸ਼ਟੀ ਅਰਥਸ਼ਾਸਤਰ ਕਹਿੰਦੇ ਹਨ।

ਉੱਤਰ ਠੀਕ

184. ਬੰਦ ਅਰਥਵਿਵਸਥਾ ਤੋਂ ਕੀ ਭਾਵ ਹੈ?

ਉੱਤਰ ਜਿਸ ਅਰਥਵਿਵਸਥਾ ਵਿੱਚ ਬਾਕੀ ਵਿਸ਼ਵ ਨਾਲ਼ ਆਯਾਤ-ਨਿਰਯਾਤ ਨਹੀਂ ਹੁੰਦਾ ,ਉਸ ਨੂੰ ਬੰਦ ਅਰਥਵਿਵਸਥਾ ਕਿਹਾ ਜਾਂਦਾ ਹੈ।

185. ਆਧੁਨਿਕ ਸਮੱਸ਼ਟੀ ਅਰਥਸ਼ਾਸਤਰ ਦਾ ਨਿਰਮਾਤਾ ਕਿਸ ਨੂੰ ਮੰਨਿਆਂ ਜਾਂਦਾ ਹੈ ?

ਉੱਤਰ ਕੇਨਜ਼

186. ਅਰਥਵਿਵਸਥਾ ਦਾ ਕਿਹੜਾ ਖੇਤਰ ਉਤਪਾਦਨ ਦੇ ਸਾਧਨਾਂ ਦਾ ਮਾਲਕ ਹੁੰਦਾ ਹੈ?

ਉੱਤਰ ਘਰੇਲੂ ਖੇਤਰ

187. ਸਮੱਸ਼ਟੀ ਅਰਥਸ਼ਾਸਤਰ ਵਿੱਚ ਸਰਕਾਰੀ ਦਖ਼ਲਅੰਦਾਜੀ ਜ਼ਿਆਦਾ ਨਹੀਂ ਹੁੰਦੀ। (ਸਹੀ/ਗ਼ਲਤ)

ਉੱਤਰ ਗ਼ਲਤ

188. ਸਮੱਸ਼ਟੀ ਅਰਥਸ਼ਾਸਤਰ ਵਿੱਚ ਵਿਅਸ਼ਟੀ ਚਰਾਂ ਨੂੰ ........ ਮੰਨਿਆਂ ਜਾਂਦਾ ਹੈ।

ਉੱਤਰ ਸਥਿਰ

189. ਪਰੰਪਰਾਵਾਦੀ ਵਿਚਾਰਧਾਰਾ ............. ਦੀ ਵਕਾਲਤ ਕਰਦੀ ਹੈ।

ਉੱਤਰ ਬੰਦ ਅਰਥਵਿਵਸਥਾ ਦੀ ਵਕਾਲਤ ਕਰਦੀ ਹੈ।

190. ਆਧੁਨਿਕ ਸਮੱਸ਼ਟੀ ਅਰਥਸ਼ਾਸਤਰ ਦਾ ਨਿਰਮਾਤਾ ਕਿਸ ਨੂੰ ਮੰਨਿਆਂ ਜਾਂਦਾ ਹੈ।

ਉੱਤਰ ਕੇਨਜ਼

191. ਕੇਨਜ਼ ਦੀ ਪ੍ਰਸਿੱਧ ਕਿਤਾਬ ਕਿਹੜੀ ਹੈ?

ਉੱਤਰ 'General Theory of Employment,Intrest,and Money' (1936) ਵਿੱਚ ਲਿਖੀ।

192. ਸਮੱਸ਼ਟੀ ਅਰਥਸ਼ਾਸਤਰ ਵਿੱਚ ਕਿਹੜੀਆਂ ਦੋ ਮੁੱਖ ਸਮੱਸਿਆਵਾਂ ਦਾ ਅਧਿਐਨ ਕੀਤਾ ਜਾਂਦਾ ਹੈ?

ਉੱਤਰ ਰਾਸ਼ਟਰੀ ਆਮਦਨ ,ਬੇਰੁਜ਼ਗਾਰ।

193. ਅਰਥਵਿਵਸਥਾ ਵਿੱਚ ਮੁਦਰਾ ਦੇ ਪ੍ਰਵਾਹ ਨੂੰ ਕੀ ਕਿਹਾ ਜਾਂਦਾ ਹੈ?
(ੳ) ਵਾਸਤਵਿਕ ਪ੍ਰਵਾਹ (ਅ) ਮੁਦਰਿਕ ਪ੍ਰਵਾਹ
(ੲ) ਆਰਥਿਕ ਪ੍ਰਵਾਹ (ਸ) ਇਹਨਾਂ ਵਿੱਚੋਂ ਕੋਈ ਨਹੀਂ

ਉੱਤਰ (ਅ) ਮੁਦਰਿਕ ਪ੍ਰਵਾਹ

194. ਵਸਤੂਆਂ ਅਤੇ ਸੇਵਾਵਾਂ ਦੇ ਪ੍ਰਵਾਹ ਨੂੰ ............ ਕਹਿੰਦੇ ਹਨ?
(ੳ) ਵਾਸਤਵਿਕ ਪ੍ਰਵਾਹ (ਅ) ਮੁਦਰਿਕ ਪ੍ਰਵਾਹ
(ੲ) ਆਰਥਿਕ ਪ੍ਰਵਾਹ (ਸ) ਇਹਨਾਂ ਵਿੱਚੋਂ ਕੋਈ ਨਹੀਂ

ਉੱਤਰ (ੳ) ਵਾਸਤਵਿਕ ਪ੍ਰਵਾਹ

195. ਇੱਕ ਨਿਸ਼ਚਿਤ ਸਮੇਂ ਤੇ ਮਾਪਣ ਯੋਗ ਮਾਤਰਾ ਨੂੰ ........ ਕਹਿੰਦੇ ਹਨ?
(ੳ) ਸਟਾਕ (ਅ) ਪ੍ਰਵਾਹ
(ੲ) ਅੰਤਿਮ ਸਟਾਕ (ਸ) ਉਪਰੋਕਤ ਸਾਰੇ।

ਉੱਤਰ (ੳ) ਸਟਾਕ

196. ਇੱਕ ਨਿਸ਼ਚਿਤ ਸਮਾਂਅਵਧੀ ਵਿੱਚ ਮਾਪੀ ਜਾਣ ਵਾਲੀ ਮਾਤਰਾ ਨੂੰ ........ ਕਹਿੰਦੇ ਹਨ?
(ੳ) ਸਟਾਕ (ਅ) ਪ੍ਰਵਾਹ
(ੲ) ਅੰਤਿਮ ਸਟਾਕ (ਸ) ਕੋਈ ਵੀ ਨਹੀ।
ਉੱਤਰ (ਅ) ਪ੍ਰਵਾਹ
197. ਬੱਚਤ ,ਕਰ ਅਤੇ ਆਯਾਤ ਚੱਕਰੀ ਪ੍ਰਵਾਹ ਦੇ ਮੁੱਖ ......... ਹਨ। (ਸਮਾਵੇਸ਼/ਵਾਪਸੀ)
ਉੱਤਰ ਵਾਪਸੀ
198. ਉਪਭੋਗ ,ਨਿਵੇਸ਼ ਅਤੇ ਨਿਰਯਾਤ ਚੱਕਰੀ ਪ੍ਰਵਾਹ ਦੇਂ ਹੋਣ ਵਾਲੇ ਮੁੱਖ ......... ਹਨ। (ਸਮਾਵੇਸ਼/ਵਾਪਸੀ)
ਉੱਤਰ ਸਮਾਵੇਸ਼
199. ਸਾਧਨਾਂ ਦੇ ਭੁਗਤਾਨ ਕਿਹੜੇ-ਕਿਹੜੇ ਹਨ?
ਉੱਤਰ ਲਗਾਨ,ਮਜ਼ਦੂਰੀ,ਵਿਆਜ,ਲਾਭ
200. ਗ੍ਰਹਿਸਤ ਖੇਤਰ ਵਸਤੂਆਂ ਅਤੇ ਸੇਵਾਵਾਂ ਦਾ ...... ਕਰਦਾ ਹੈ। (ਉਤਪਾਦਨ/ਉਪਭੋਗ)
ਉੱਤਰ ਉਪਭੋਗ
201. ਚੱਕਰੀ ਪ੍ਰਵਾਹ ਕਿਸ ਨੂੰ ਆਖਦੇ ਹਨ?
ਉੱਤਰ ਅਰਥਵਿਵਸਥਾ ਦੇ ਵੱਖ-ਵੱਖ ਖੇਤਰਾਂ ਦੀ ਅੰਤਰ ਨਿਰਭਰਤਾ ਦੀ ਨੂੰ ਚੱਕਰੀ ਪ੍ਰਵਾਹ ਕਿਹਾ ਜਾਂਦਾ ਹੈ।
202. ਵਿੱਤੀ ਪ੍ਰਨਾਲ਼ੀ ਕੀ ਹੈ?
ਉੱਤਰ ਅਰਥ ਵਿਵਸਥਾ ਵਿੱਚ ਉਧਾਰ ਲੈਣ ਅਤੇ ਉਧਾਰ ਦੇਣ ਵਾਲੀ ਅਤੇ ਬੱਚਤ ਇੱਕਠੀ ਵਾਲੀ ਪ੍ਰਨਾਲ਼ੀ ਨੂੰ ਵਿੱਤੀ ਪ੍ਰਣਾਲੀ ਕਿਹਾ ਜਾਂਦਾ ਹੈ।
203. ਖੁੱਲ੍ਹੀ ਅਰਥਵਿਵਸਥਾ ਕੀ ਹੈ?
ਉੱਤਰ ਖੁੱਲ੍ਹੀ ਅਰਥਵਿਵਸਥਾ ਉਹ ਹੁੰਦੀ ਹੈ ਜਿਸ ਦਾ ਹੋਰਨਾਂ ਅਰਥਵਿਵਸਥਾਵਾਂ ਨਾਲ ਆਰਥਿਕ ਸਬੰਧ ਹੋਵੇ ਨੂੰ ਖੁੱਲ੍ਹੀ ਅਰਥਵਿਵਸਥਾ ਕਿਹਾ ਜਾਂਦਾ ਹੈ।
204. ਵਾਪਸੀ ਦੀ ਪਰਿਭਾਸ਼ਾ ਦਿਓ।
ਉੱਤਰ ਵਾਪਸੀ ਉਹ ਕਾਰਕ ਹੈ ਜਿਸ ਦਾ ਉਤਪਾਦਨ ਪ੍ਰਕਿਰਿਆ ਤੇ ਰਿਣਾਤਮਿਕ ਪ੍ਰਭਾਵ ਪੈਂਦਾ ਹੈ।
205. ਸਮਾਵੇਸ਼ ਦੀ ਪਰਿਭਾਸ਼ਾ ਦਿਓ।
ਉੱਤਰ ਸਮਾਵੇਸ਼ ਉਹ ਕਾਰਕ ਹੈ ਜਿਸ ਦਾ ਉਤਪਾਦਨ ਪ੍ਰੀਕ੍ਰਿਆ ਤੇ ਧਨਾਤਮਿਕ ਪ੍ਰਭਾਵ ਪੈਂਦਾ ਹੈ।
206. ਖਾਲੀ ਥਾਂ ਭਰੋ: ਬਜ਼ਾਰ ਕੀਮਤ ਤੇ GDP = ਬਜ਼ਾਰ ਕੀਮਤ ਤੇ NDP + ..............
ਉੱਤਰ ਸ਼ੁੱਧ ਅਪ੍ਰਤੱਖ ਕਰ
207. ਲਾਭ ਦੇ ਵਿਭਿੰਨ ਤੱਤ ਕਿਹੜੇ ਹਨ?
ਉੱਤਰ ਲਾਭਾਂਸ਼, ਅਣਵੰਡੇ ਲਾਭ, ਨਿਗਮ ਲਾਭ ਕਰ
208. ਬਜ਼ਾਰ ਕੀਮਤ ਅਤੇ ਸਾਧਨ ਲਾਗਤ ਧਾਰਨਾਵਾਂ ਵਿੱਚ ਅੰਤਰ ਦਾ ਆਧਾਰ ਹੈ;
(ੳ) ਪ੍ਰਤੱਖ ਕਰ (ਅ) ਅਪ੍ਰਤੱਖ ਕਰ
(ੲ) ਆਰਥਿਕ ਸਹਾਇਤਾ (ਸ) ਸ਼ੁੱਧ ਅਪ੍ਰਤੱਖ ਕਰ
ਉੱਤਰ (ਸ) ਸ਼ੁੱਧ ਅਪ੍ਰਤੱਖ ਕਰ
209. ਸ਼ੁੱਧ ਵਿਦੇਸ਼ੀ ਸਾਧਨ/ਕਾਰਕ ਆਮਦਨ ਦੇ ਮੁੱਖ ਅੰਗ ਹਨ;
(ੳ) ਕਰਮਚਾਰੀਆਂ ਦਾ ਸ਼ੁੱਧ ਮਿਹਨਤਾਨਾ (ਅ) ਸੰਪਤੀ ਅਤੇ ਉਦੱਮਸ਼ੀਲਤਾ ਤੋਂ ਸ਼ੁੱਧ ਆਮਦਨ
(ੲ) ਵਿਦੇਸ਼ਾਂ ਤੋਂ ਸਾਧਨ ਆਮਦਨ (ਸ) ਉਪਰਲੇ ਸਾਰੇ।
ਉੱਤਰ (ੲ) ਵਿਦੇਸ਼ਾਂ ਤੋਂ ਸਾਧਨ ਆਮਦਨ
210. ਹੇਠ ਲਿਖਿਆਂ ਵਿੱਚੋਂ ਕਿਹੜਾ ਹਸਤਾਂਤਰਨ ਭੁਗਤਾਨ ਨਹੀਂ ਹੈ?
(ੳ) ਰਾਸ਼ਟਰੀ ਕਰਜ਼ ਤੇ ਵਿਆਜ (ਅ) ਪੈਨਸ਼ਨ
(ੲ) ਗ੍ਰਹਿਣੀ ਦਾ ਭੁਗਤਾਨ (ਸ) ਘਰੇਲੂ ਨੌਕਰ ਨੂੰ ਭੁਗਤਾਨ
ਉੱਤਰ (ਸ) ਘਰੇਲੂ ਨੌਕਰ ਨੂੰ ਭੁਗਤਾਨ
211. ਅਪ੍ਰਤੱਖ ਕਰ ਅਤੇ ਆਰਥਿਕ ਸਹਾਇਤਾ ਦੇ ਅੰਤਰ ਨੂੰ ............ ਕਹਿੰਦੇ ਹਨ।
ਉੱਤਰ ਸ਼ੁੱਧ ਅਪ੍ਰਤੱਖ ਕਰ
212. ਵਿਅਕਤੀਆਂ ਨੂੰ ਸਾਰੇ ਸਰੋਤਾਂ ਤੋਂ ਅਸਲ ਵਿੱਚ ਪ੍ਰਾਪਤ ਸਾਧਨ ਆਮਦਨ ਅਤੇ ਹਸਤਾਂਤਰਨ ਭੁਗਤਾਨ ਦੇ ਜੋੜ ਨੂੰ ........... ਕਹਿੰਦੇ ਹਨ।

ਉੱਤਰ ਵਿਅਕਤੀਗਤ ਆਮਦਨ।

213. ਉਹ ਨਿਵਾਸੀ ਜੋ ਇੱਕ ਦੇਸ਼ ਵਿੱਚ ਰਹਿੰਦੇ ਹਨ ਅਤੇ ਉਹਨਾਂ ਦੇ ਹਿੱਤ ਉਸ ਦੇਸ ਨਾਲ ਜੁੜੇ ਹੁੰਦੇ ਹਨ, ਨੂੰ ......... ਕਹਿੰਦੇ ਹਨ।

ਉੱਤਰ ਸਧਾਰਣ ਨਿਵਾਸੀ।

214. ਰਾਸ਼ਟਰੀ ਕਰਜ਼ੇ ਤੇ ਵਿਆਜ ਵਿਅਕਤੀਗਤ ਆਮਦਨ ਵਿੱਚ ਸ਼ਾਮਲ ਕੀਤੇ ਜਾਂਦੇ ਹਨ। (ਸਹੀ/ਗ਼ਲਤ)

ਉੱਤਰ ਸਹੀ।

215. ਨਿੱਜੀ ਆਮਦਨ ਤੋਂ ਕੀ ਭਾਵ ਹੈ?

ਉੱਤਰ ਨਿੱਜੀ ਆਮਦਨ ਤੋਂ ਭਾਵ ਉਸ ਆਮਦਨ ਤੋਂ ਹੈ ਜਿਹੜੀ ਨਿੱਜੀ ਖੇਤਰ ਨੂੰ ਇੱਕ ਲੇਖਾ ਸਾਲ ਵਿੱਚ ਸਾਰੇ ਸੋਮਿਆਂ ਤੋਂ ਪ੍ਰਾਪਤ ਸਾਧਨ ਆਮਦਨ ਅਤੇ ਸਰਕਾਰ ਤੇ ਬਾਕੀ ਸੰਸਾਰ ਤੋਂ ਪ੍ਰਾਪਤ ਵਰਤਮਾਨ ਹਸਤਾਂਤਰਨ ਭੁਗਤਾਨ ਦਾ ਜੋੜ ਹੈ।

216. ਵਿਅਕਤੀਗਤ ਆਮਦਨ ਨੂੰ ਪਰਿਭਾਸ਼ਿਤ ਕਰੋ।

ਉੱਤਰ ਵਿਅਕਤੀਗਤ ਆਮਦਨ ਉਹ ਆਮਦਨ ਹੈ ਜੋ ਵਿਅਕਤੀਆਂ ਅਤੇ ਪਰਿਵਾਰਾਂ ਨੂੰ ਇੱਕ ਲੇਖਾ ਸਾਲ ਵਿੱਚ ਸਾਰੇ ਸੋਮਿਆਂ ਤੋਂ ਵਰਤਮਾਨ ਹਸਤਾਂਤਰਨ ਭੁਗਤਾਨਾਂ ਅਤੇ ਸਾਧਨ ਆਮਦਨ ਦੇ ਰੂਪ ਵਿੱਚ ਪ੍ਰਾਪਤ ਹੁੰਦੀ ਹੈ।

217. ਹਸਤਾਂਤਰਨ ਭੁਗਤਾਨ ਦੀ ਪਰਿਭਾਸ਼ਾ ਦਿਓ।

ਉੱਤਰ ਜਿਹੜੇ ਭੁਗਤਾਨ ਇੱਕ ਪਾਸੜ ਹੁੰਦੇ ਹਨ ,ਭਾਵ ਜਿਸ ਭੁਗਤਾਨ ਦੇ ਬਦਲੇ ਵਸਤੂ ਜਾਂ ਸੇਵਾ ਦੀ ਪ੍ਰਾਪਤੀ ਨਹੀਂ ਹੁੰਦੀ, ਨੂੰ ਹਸਤਾਂਤਰਣ ਭੁਗਤਾਨ ਕਿਹਾ ਜਾਂਦਾ ਹੈ।

218. ਵਿਅਕਤੀਗਤ ਖਰਚਣਯੋਗ ਆਮਦਨ ਤੋਂ ਕੀ ਭਾਵ ਹੈ?

ਉੱਤਰ ਉਹ ਆਮਦਨ ਜੋ ਵਿਅਕਤੀਆਂ ਨੂੰ ਸਰਕਾਰ ਦੁਆਰਾ ਉਹਨਾਂ ਦੀ ਆਮਦਨ ਅਤੇ ਸੰਪਤੀ ਤੇ ਲਗਾਏ ਸਾਰੇ ਤਰ੍ਹਾਂ ਦੇ ਕਰਾਂ ਦਾ ਭੁਗਤਾਨ ਕਰਨ ਪਿੱਛੋਂ ਬਚਦੀ ਹੈ।

219. ਬਜ਼ਾਰ ਕੀਮਤ ਤੇ ਸਕਲ ਘਰੇਲੂ ਉੱਤਪਾਦ (GDPmp) ਤੋਂ ਕੀ ਭਾਵ ਹੈ?

ਉੱਤਰ ਕਿਸੇ ਦੇਸ਼ ਦੀ ਘਰੇਲੂ ਸੀਮਾ ਅੰਤਰ ਇੱਕ ਸਾਲ ਦੌਰਾਨ ਸਾਰੇ ਉਤਪਾਦਕਾਂ ਦੁਆਰਾ ਜਿੰਨੀਆਂ ਵੀ ਅੰਤਿਮ ਵਸਤੂਆਂ ਅਤੇ ਸੇਵਾਵਾਂ ਦਾ ਉਤਪਾਦਨ ਕੀਤਾ ਜਾਂਦਾ ਹੈ ,ਉਹਨਾਂ ਦੀ ਬਜ਼ਾਰ ਕੀਮਤ ਦੇ ਜੋੜ ਨੂੰ ਬਜ਼ਾਰ ਕੀਮਤ ਤੇ ਸਕਲ ਘਰੇਲੂ ਉੱਤਪਾਦ(GDPmp) ਕਿਹਾ ਜਾਂਦਾ ਹੈ।

220. ਮੁੱਲ ਘਿਸਾਵਟ ਨੂੰ ਪਰਿਭਾਸ਼ਿਤ ਕਰੋ।

ਉੱਤਰ ਉਤਪਾਦਨ ਪ੍ਰਕਿਰਿਆ ਦੌਰਾਨ ਮਸ਼ੀਨਾਂ ਦੀ ਘਿਸਾਵਟ,ਟੁੱਟ-ਭੱਜ ਅਤੇ ਅਪ੍ਰਚੱਲਣ ਦੇ ਮੁੱਲ ਨੂੰ ਮੁੱਲ ਘਿਸਾਵਟ ਕਿਹਾ ਜਾਂਦਾ ਹੈ

221. ਮੁੱਲ ਵਾਧਾ ਕੀ ਹੈ?

ਉੱਤਰ ਮੁੱਲ ਵਾਧਾ ਉਤਪਾਦਨ ਦੇ ਮੁੱਲ ਅਤੇ ਮੱਧਵਰਤੀ ਉਪਭੋਗ ਦੇ ਅੰਤਰ ਨੂੰ ਮੁੱਲ ਵਾਧਾ ਕਿਹਾ ਜਾਂਦਾ ਹੈ।

222. ਉਤਪਾਦ ਦਾ ਮੁੱਲ ਕਿਸ ਨੂੰ ਆਖਦੇ ਹਨ?

ਉੱਤਰ ਉਤਪਾਦ ਦੇ ਮੁੱਲ ਤੋਂ ਭਾਵ ਇੱਕ ਲੇਖਾ ਸਾਲ ਦੇ ਦੌਰਾਨ ਕਿਸੇ ਫ਼ਰਮ ਦੁਆਰਾ ਉਤਪਾਦਿਤ ਵਸਤੂਆਂ ਅਤੇ ਸੇਵਾਵਾਂ ਦੇ ਬਜ਼ਾਰ ਮੁੱਲ ਤੋਂ ਹੈ।

223. ਮੱਧਵਰਤੀ ਉਪਭੋਗ ਤੋਂ ਕੀ ਭਾਵ ਹੈ?

ਉੱਤਰ ਵਸਤੂਆਂ ਦੇ ਉਤਪਾਦਨ ਲਈ ਜੋ ਕੱਚਾ ਮਾਲ ਆਦਿ ਤੇ ਖ਼ਰਚ ਕੀਤਾ ਜਾਂਦਾ ਹੈ ,ਉਸ ਨੂੰ ਮੱਧਵਰਤੀ ਉਪਭੋਗ ਕਿਹਾ ਜਾਂਦਾ ਹੈ।

224. ਸਟਾਕ ਵਿੱਚ ਪਰਿਵਰਤਨ ਕੀ ਹੈ?

ਉੱਤਰ ਫਰਮ ਦੇ ਸਾਲ ਦੇ ਅੰਤਿਮ ਸਟਾਕ ਅਤੇ ਸਾਲ ਦੇ ਸ਼ੁਰੂ ਦੇ ਸਟਾਕ ਦੇ ਅੰਤਰ ਨੂੰ ਸਟਾਕ ਪਰਿਵਰਤਨ ਕਿਹਾ ਜਾਂਦਾ ਹੈ।

225. ਦੋਹਰੀ ਗਣਨਾ ਤੋਂ ਕੀ ਭਾਵ ਹੈ?

ਉੱਤਰ ਇੱਕ ਵਸਤੂ ਦੇ ਮੁੱਲ ਦੀ ਗਣਨਾ ਜਦੋਂ ਇੱਕ ਤੋਂ ਵੱਧ ਵਾਰ ਹੁੰਦੀ ਹੈ ਤਾਂ ਉਸ ਨੂੰ ਦੋਹਰੀ ਗਣਨਾ ਕਹਿੰਦੇ ਹਨ।

226. ਪ੍ਰਚੱਲਨ ਬੇਸ਼ੀ ਦਾ ਅਰਥ ਦੱਸੋ।

ਉੱਤਰ ਕਿਸੇ ਫਰਮ ਨੂੰ ਉਤਪਾਦਨ ਪ੍ਰਕਿਰਿਆ ਦੌਰਾਨ ਪ੍ਰਾਪਤ ਹੋਣ ਵਾਲੀ ਗੈਰ-ਮਜ਼ਦੂਰੀ ਆਮਦਨ ਭਾਵ ਸੰਪਤੀ ਅਤੇ ਉਦਮ ਤੋਂ ਪ੍ਰਾਪਤ ਆਮਦਨ ਜਿਵੇਂ ਲਗਾਨ, ,ਵਿਆਜ ਅਤੇ ਲਾਭ ਦੇ ਜੋੜ ਨੂੰ ਪ੍ਰਚੱਲਣ ਬੇਸ਼ੀ ਕਿਹਾ ਜਾਂਦਾ ਹੈ।

227. ਅੰਤਿਮ ਖਰਚੇ ਤੋਂ ਕੀ ਭਾਵ ਹੈ?

ਉੱਤਰ ਇੱਕ ਸਾਲ ਦੌਰਾਨ ਵੱਖ-ਵੱਖ ਖੇਤਰਾਂ ਵੱਲੋਂ ਵਸਤਾਂ ਅਤੇ ਸੇਵਾਵਾਂ ਖਰੀਦਣ ਤੇ ਜੋ ਖਰਚ ਕੀਤਾ ਜਾਂਦਾ ਹੈ ,ਉਸ ਨੂੰ ਅੰਤਿਮ ਖਰਚ ਕਿਹਾ ਜਾਂਦਾ ਹੈ।

228. ਸ਼ੁੱਧ ਨਿਰਯਾਤ ਦੀ ਪਰਿਭਾਸ਼ਾ ਦਿਓ।

ਉੱਤਰ ਨਿਰਯਾਤ ਅਤੇ ਆਯਾਤ ਦੇ ਅੰਤਰ ਨੂੰ ਸ਼ੁੱਧ ਨਿਰਯਾਤ ਕਿਹਾ ਜਾਂਦਾ ਹੈ।ਸ਼ੁੱਧ ਨਿਰਯਾਤ= ਨਿਰਯਾਤ -ਆਯਾਤ

229. ਕਰਮਚਾਰੀਆਂ ਦੇ ਮਿਹਨਤਾਨੇ ਤੋਂ ਕੀ ਭਾਵ ਹੈ?

ਉੱਤਰ ਕਰਮਚਾਰੀਆਂ ਨੂੰ ਉਹਨਾਂ ਦੀ ਮਜ਼ਦੂਰੀ ਬਦਲੇ ਜੋ ਭੁਗਤਾਨ ਕੀਤਾ ਜਾਂਦਾ ਹੈ। ਇਸ ਦੇ ਅੰਤਰਗਤ

(i) ਨਕਦ ਮਜ਼ਦੂਰੀ ਅਤੇ ਤਨਖਾਹ

(ii) ਕਿਸਮ ਵਿੱਚ ਭੁਗਤਾਨ

(iii) ਸਮਾਜਿਕ ਸੁਰੱਖਿਆ ਯੋਜਨਾਵਾਂ ਵਿੱਚ ਮਾਲਕਾਂ ਦਾ ਯੋਗਦਾਨ

(iv) ਰਿਟਾਇਰ ਹੋਣ ਪਿਛੋਂ ਕਰਮਚਾਰੀਆਂ ਦੀ ਪੈਨਸ਼ਨ ਨੂੰ ਸ਼ਾਮਿਲ ਕੀਤਾ ਜਾਂਦਾ ਹੈ।

230. ਹੇਠ ਲਿਖੇ ਵਿੱਚ ਠੀਕ/ਗਲਤ ਦੱਸੋ;
ਰਾਸ਼ਟਰੀ ਆਮਦਨ ,ਕੁੱਲ ਮੰਗ ,ਕੁੱਲ ਪੂਰਤੀ ਆਦਿ ਸਮੱਸ਼ਟੀ ਚਰ ਹਨ।

ਉੱਤਰ ਠੀਕ

231. ਇੱਛੁਕ ਬੇਰੁਜ਼ਗਾਰੀ ਕੀ ਹੁੰਦੀ ਹੈ?

ਉੱਤਰ ਇਹ ਉਹ ਸਥਿਤੀ ਹੈ ,ਜਿਸ ਵਿੱਚ ਜਿਹੜੇ ਲੋਕ ਕੰਮ ਕਰਨ ਦੇ ਯੋਗ ਹੁੰਦੇ ਹਨ ਪਰ ਉਹ ਪ੍ਰਚੱਲਿਤ ਮਜ਼ਦੂਰੀ ਦਰ ਤੇ ਕੰਮ ਕਰਨ ਦੇ ਇੱਛੁਕ ਨਹੀਂ ਹੁੰਦੇ।

232. ਵਿਆਜ ਦੀ ਦਰ ਅਤੇ ਨਿਵੇਸ਼ ਵਿੱਚ .......... ਸੰਬੰਧ ਹੈ।

ਉੱਤਰ ਉਲਟਾ ਸਬੰਧ।

233. ਕੇਨਜ਼ ਦੇ ਦ੍ਰਿਸ਼ਟੀਕੋਣ ਦੇ ਅਨੁਸਾਰ ਅਰਥਵਿਵਸਥਾ ਵਿੱਚ ਆਮ ਤੌਰ ਤੇ ........... ਸੰਤੁਲਨ ਮੌਜੂਦ ਹੁੰਦਾ ਹੈ।

ਉੱਤਰ ਅਪੂਰਨ ਰੁਜ਼ਗਾਰ

234. ਔਸਤ ਉਪਭੋਗ ਪ੍ਰਵਿਰਤੀ (APC) ਬਰਾਬਰ ਹੈ;

(a) $\frac{Y}{C}$ (b) $\frac{\Delta Y}{\Delta C}$ (c) $\frac{C}{Y}$ (d) $\frac{\Delta C}{\Delta Y}$

ਉੱਤਰ (c) $\frac{C}{Y}$

235. ਔਸਤ ਬੱਚਤ ਪ੍ਰਵਿਰਤੀ (APS) ਬਰਾਬਰ ਹੈ;

(a) $\frac{Y}{S}$ (b) $\frac{\Delta Y}{\Delta S}$ (c) $\frac{S}{Y}$ (d) $\frac{\Delta S}{\Delta Y}$

ਉੱਤਰ (c) $\frac{S}{Y}$

236. ਸੀਮਾਂਤ ਬੱਚਤ ਪ੍ਰਵਿਰਤੀ (MPS) ਬਰਾਬਰ ਹੈ;

(a) $\frac{Y}{S}$ (b) $\frac{\Delta Y}{\Delta S}$ (c) $\frac{S}{Y}$ (d) $\frac{\Delta S}{\Delta Y}$

ਉੱਤਰ (d) $\frac{\Delta S}{\Delta Y}$

237. ਸੀਮਾਂਤ ਉਪਭੋਗ ਪ੍ਰਵਿਰਤੀ (MPC) ਬਰਾਬਰ ਹੈ;

(a) $\frac{Y}{C}$ (b) $\frac{\Delta Y}{\Delta C}$ (c) $\frac{C}{Y}$ (d) $\frac{\Delta C}{\Delta Y}$

ਉੱਤਰ (d) $\frac{\Delta C}{\Delta Y}$

238. MPC+MPS = .......... (1, ਸਿਫਰ)

ਉੱਤਰ 1

239. ਕੁੱਲ ਮੰਗ ਨੂੰ ............ ਪਦਾਂ ਵਿੱਚ ਮਾਪਿਆ ਜਾਂਦਾ ਹੈ।

(ੳ) ਉਪਭੋਗ ਖਰਚ (ਅ) ਮੰਗ

(ੲ) ਪੂਰਤੀ (ਸ) ਉਪਰੋਕਤ ਸਾਰੇ।

ਉੱਤਰ (ੳ) ਉਪਭੋਗ ਖਰਚ

240. ਵਸਤੂਆਂ ਅਤੇ ਸੇਵਾਵਾਂ ਦੇ ਪ੍ਰਵਾਹ ਨੂੰ .......... ਕਹਿੰਦੇ ਹਨ।

(ੳ) ਕੁੱਲ ਮੰਗ (ਅ) ਉਪਭੋਗ

(ੲ) ਕੁੱਲ ਪੂਰਤੀ (ਸ) ਉਪਰੋਕਤ ਸਾਰੇ।

ਉੱਤਰ (ੲ) ਕੁੱਲ ਪੂਰਤੀ।

241. ਸਵੈਚਾਲਿਤ ਨਿਵੇਸ਼ .......... ਦੇ ਪਰਿਵਰਤਨ ਤੋਂ ਸੁਤੰਤਰ ਹੈ। (ਆਮਦਨ, ਉਪਭੋਗ)

ਉੱਤਰ ਆਮਦਨ

242. ਔਸਤ ਉਪਭੋਗ ਪ੍ਰਵਿਰਤੀ ਪਤਾ ਕਰੋ ਜੇਕਰ ਔਸਤ ਬੱਚਤ ਪ੍ਰਵਿਰਤੀ 0.30 ਹੈ।

ਉੱਤਰ 0.70

243. ਜਦੋਂ MPS =0.25 ਹੋਵੇ ਤਾਂ MPC ਪਤਾ ਕਰੋ।

ਉੱਤਰ 0.75

244. ਜਦੋਂ MPC =0.75 ਹੋਵੇ ਤਾਂ MPS ਪਤਾ ਕਰੋ।

ਉੱਤਰ 0.25

245. ਜਦੋਂ MPC =0.60 ਹੋਵੇ ਤਾਂ MPS ਪਤਾ ਕਰੋ।

ਉੱਤਰ 0.40

246. ਜਦੋਂ ਬੱਚਤ ਸਿਫਰ ਹੋਵੇ ਤਾਂ........

(ੳ) ਆਮਦਨ ਉਪਭੋਗ ਤੋਂ ਵੱਧ ਹੁੰਦੀ ਹੈ (ਅ) ਆਮਦਨ ਉਪਭੋਗ ਤੋਂ ਘੱਟ ਹੁੰਦੀ ਹੈ

(ੲ) ਆਮਦਨ ਉਪਭੋਗ ਦੇ ਬਰਾਬਰ ਹੁੰਦੀ ਹੈ (ਸ) ਇਹਨਾਂ ਵਿੱਚੋਂ ਕੋਈ ਨਹੀਂ ।

ਉੱਤਰ (ੲ) ਆਮਦਨ ਉਪਭੋਗ ਦੇ ਬਰਾਬਰ ਹੁੰਦੀ ਹੈ

247. ਜੇਕਰ MPS =0.75 ਹੋਵੇ ਤਾਂ MPC ਕੀ ਹੋਵੇਗੀ?

ਉੱਤਰ 0.25

248. ਹੇਠ ਲਿਖਿਆਂ ਵਿੱਚੋਂ ਕਿਹੜਾ ਸਹੀ ਹੈ?

(a) $K = \frac{\Delta Y}{\Delta I}$ (b) $K = \frac{1}{1-MPC}$

(c) $K = \frac{1}{MPS}$ (d) All the above

ਉੱਤਰ (d) All the above

249. ਵਾਸਤਵਿਕ ਨਿਵੇਸ਼ ਦਾ ਅਰਥ ਦੱਸੋ।

ਉੱਤਰ ਮਸ਼ੀਨਾਂ ਆਦਿ ਤੇ ਕੀਤਾ ਗਿਆ ਨਿਵੇਸ਼ ।

250. ਜਿੰਨੀ ਸੀਮਾਂਤ ਬੱਚਤ ਪਰਿਵਿਰਤੀ (MPS) ਘੱਟ ਹੋਵੇਗੀ ,ਉਨਾਂ ਹੀ ਗੁਣਕ (K) ਘੱਟ ਹੁੰਦਾ ਹੈ।

(ਸਹੀ/ਗ਼ਲਤ)

ਉੱਤਰ ਗ਼ਲਤ

251. ਜਿੰਨੀ ਸੀਮਾਂਤ ਬੱਚਤ ਪਰਿਵਿਰਤੀ (MPS) ਵੱਧ ਹੋਵੇਗੀ ,ਉਨਾਂ ਹੀ ਗੁਣਕ (K) ਵੱਧ ਹੁੰਦਾ ਹੈ।

(ਸਹੀ/ਗ਼ਲਤ)

**ਉੱਤਰ** ਗ਼ਲਤ

252. ਅਤਿ-ਪੂਰਨ ਰੁਜ਼ਗਾਰ ਸੰਤੁਲਨ ਦੀ ਸਥਿਤੀ ਵਿੱਚ

(ੳ) ਸਿਰਫ ਕੀਮਤਾਂ ਵਿੱਚ ਵਾਧਾ ਹੁੰਦਾ ਹੈ।

(ਅ) ਵਸਤੂਆਂ ਅਤੇ ਸੇਵਾਵਾਂ ਦੇ ਪ੍ਰਵਾਹ ਵਿੱਚ ਕੋਈ ਵਾਧਾ ਨਹੀਂ ਹੁੰਦਾ।

(ੲ) ਕੁੱਲ ਮੰਗ ਪੂਰਨ ਰੁਜ਼ਗਾਰ ਦੇ ਲਈ ਪ੍ਰਾਪਤ ਮੰਗ ਤੋਂ ਵੱਧ ਹੁੰਦੀ ਹੈ।

(ਸ) ਉਪਰੋਕਤ ਸਾਰੇ।

ਉੱਤਰ (ਸ) ਉਪਰੋਕਤ ਸਾਰੇ।

253. ਮਜ਼ਦੂਰੀ ਕੀਮਤ ਲੋਚਸ਼ੀਲਤਾ ਤੋਂ ਕੀ ਭਾਵ ਹੈ?

ਉੱਤਰ ਮਜ਼ਦੂਰੀ ਦੀ ਕੀਮਤ ਲੋਚਸ਼ੀਲਤਾ ਤੋਂ ਭਾਵ ਮਜ਼ਦੂਰੀ ਦੀ ਦਰ ਵਿੱਚ ਕਮੀ ਜਾਂ ਵਾਧਾ ਬਜ਼ਾਰ ਵਿੱਚ ਮਜ਼ਦੂਰਾਂ ਦੀ ਮੰਗ ਅਤੇ ਪੂਰਤੀ ਦੀਆਂ ਸ਼ਕਤੀਆਂ ਤੇ ਨਿਰਭਰ ਕਰਦੀ ਹੈ।

254. ਕੀ ਹੋਵੇਗਾ ਜੇਕਰ AS > AD?

ਉੱਤਰ ਜੇਕਰ ਕੁਝ ਵਸਤੂਆਂ ਅਣਵਿਕੀਆਂ ਰਹਿ ਜਾਣਗੀਆਂ ਤਾਂ ਉਤਪਾਦਕਾਂ ਨੂੰ ਵਸਤੂਆਂ ਦਾ ਉਤਪਾਦਨ ਘੱਟ ਕਰਨਾ ਪਵੇਗਾ।ਜਦੋਂ ਤੱਕ ਮੰਗ ਉਤਪਾਦਨ ਦੇ ਬਰਾਬਰ ਨਹੀਂ ਹੋ ਜਾਂਦੀ।

255. ਅਪੂਰਨ ਰੁਜ਼ਗਾਰ ਸੰਤੁਲਨ ਦੀ ਉਹ ਸਥਿਤੀ ਹੈ ਜਿਸ ਵਿੱਚ ਸੰਤੁਲਨ ਤਾਂ ਹੁੰਦਾ ਹੈ ਪਰ ਸਾਰੇ ਸਾਧਨਾਂ ਨੂੰ ;
(ੳ) ਪੂਰਨ ਰੁਜ਼ਗਾਰ ਪ੍ਰਾਪਤ ਨਹੀਂ ਹੁੰਦਾ (ਅ) ਸਿਫਰ ਰੁਜ਼ਗਾਰ ਪ੍ਰਾਪਤ ਹੁੰਦਾ ਹੈ
(ੲ) ਘੱਟ ਮਜ਼ਦੂਰੀ ਮਿਲਦੀ ਹੈ (ਸ) ਇਨ੍ਹਾਂ ਵਿੱਚੋਂ ਕੋਈ ਨਹੀ।
ਉੱਤਰ (ੳ) ਪੂਰਨ ਰੁਜ਼ਗਾਰ ਪ੍ਰਾਪਤ ਨਹੀਂ ਹੁੰਦਾ।
256. ਆਮਦਨ ਦਾ ਸੰਤੁਲਨ ਪੱਧਰ=ਉਤਪਾਦਨ ਦਾ ਸੰਤੁਲਨ ਪੱਧਰ =ਰੁਜ਼ਗਾਰ ਦਾ ਸੰਤੁਲਨ ਪੱਧਰ (ਸਹੀ/ਗ਼ਲਤ)
ਉੱਤਰ ਸਹੀ
257. ਸਮਾਵੇਸ਼ AD ਦੇ ਪੱਧਰ ਵਿੱਚ ਕਮੀ ਅਤੇ ਵਾਪਸੀ AD ਦੇ ਪੱਧਰ ਵਿੱਚ ਵਾਧਾ ਕਰਦੀ ਹੈ।(ਸਹੀ/ਗ਼ਲਤ)
ਉੱਤਰ ਗਲਤ
258. 'ਸੇ' ਦਾ ਬਜ਼ਾਰ ਨਿਯਮ ਕੀ ਹੈ?
ਉੱਤਰ ਪੂਰਤੀ ਆਪਣੀ ਮੰਗ ਦਾ ਆਪ ਨਿਰਮਾਣ ਕਰਦੀ ਹੈ।
259. ਨਕਦ ਮਜ਼ਦੂਰੀ ਤੋਂ ਕੀ ਭਾਵ ਹੈ?
ਉੱਤਰ ਨਕਦ ਮਜ਼ਦੂਰੀ ਉਹ ਮਜ਼ਦੂਰੀ ਹੈ ਜੋ ਕਿਰਤੀ ਨੂੰ ਮੁਦਰਾ ਦੇ ਰੂਪ ਵਿੱਚ ਮਿਲਦੀ ਹੈ।
260. ਗੁਣਕ ਦੋ ਧਾਰੀ ਤਲਵਾਰ ਹੈ। (ਸਹੀ/ਗਲਤ)
ਉੱਤਰ ਸਹੀ
261. ਗੁਣਕ ਦਾ ਮੁੱਲ=$\frac{1}{1-MPS}$ (ਸਹੀ/ਗ਼ਲਤ)
ਉੱਤਰ ਗਲਤ
262. ਗੁਣਕ ਦਾ ਮੁੱਲ ਅਤੇ ਸੀਮਾਂਤ ਉਪਭੋਗ ਪ੍ਰਵਿਰਤੀ ਉਲਟ ਦਿਸ਼ਾ ਵਿੱਚ ਹੁੰਦੇ ਹਨ। (ਸਹੀ/ਗਲਤ)
ਉੱਤਰ ਗਲਤ
263. ਗੁਣਕ ਸਾਰੇ ਅਪਲ ਵਿਕਸਤ ਦੇਸ਼ਾਂ ਵਿੱਚ ਲਾਗੂ ਹੁੰਦਾ ਹੈ। (ਸਹੀ/ਗਲਤ)
ਉੱਤਰ ਗਲਤ
264. ਜੇ MPC=0 ਤਾਂ ਗੁਣਕ ਦਾ ਮੁੱਲ ਹੋਵੇਗਾ ।
(ੳ) 1 (ਅ) 2 (ੲ) 0 (ਸ) ∞
ਉੱਤਰ (ੳ) 1
265. ਗੁਣਕ ਨਿਰਧਾਰਨ ਦਾ ਸੂਤਰ ਹੈ;
$(\frac{1}{1-MPC}, \frac{1}{MPC})$
ਉੱਤਰ $\frac{1}{1-MPC}$
**266.** K ਨੂੰ ΔI ਨਾਲ ਗੁਣਾ ਕਰਨ ਤੇ ਅਸੀਂ ਪ੍ਰਾਪਤ ਕਰਦੇ ਹਾਂ ............ (ΔC , ΔY, ΔS)
ਉੱਤਰ ΔY
267. MPC ਜਿੰਨੀ ਜਿਆਦਾ ਹੋਵੇਗੀ, ਗੁਣਕ ਉਨਾਂ ਹੀ ........... ਹੋਵੇਗਾ । (ਵੱਧ/ਘੱਟ)
ਉੱਤਰ ਵੱਧ
268. ਗੁਣਕ ਦੀ ਅਨੁਕੂਲ ਪ੍ਰਕਿਰਿਆ ਤੋਂ ਕੀ ਭਾਵ ਹੈ?
ਉੱਤਰ ਇਸ ਤੋਂ ਭਾਵ ਹੈ ਕਿ ਨਿਵੇਸ਼ ਵਿੱਚ ਹੋਣ ਵਾਲੇ ਵਾਧੇ ਦੇ ਫਲਸਰੂਪ ਆਮਦਨ ਵਿੱਚ ਕਈ ਗੁਣਾ ਵਾਧਾ ਹੁੰਦਾ ਹੈ।
269. ਗੁਣਕ ਦੀ ਪ੍ਰਤਿਕੂਲ ਪ੍ਰਕਿਰਿਆ ਤੋਂ ਕੀ ਭਾਵ ਹੈ?
**ਉੱਤਰ** ਇਸ ਤੋਂ ਭਾਵ ਹੈ ਕਿ ਨਿਵੇਸ਼ ਵਿੱਚ ਹੋਣ ਵਾਲੀ ਕਮੀ ਦੇ ਫਲਸਰੂਪ ਆਮਦਨ ਵਿੱਚ ਕਈ ਗੁਣਾ ਕਮੀ ਹੁੰਦੀ ਹੈ।
270. ਨਿਊਨ ਮੰਗ ਉਹ ਸਥਿਤੀ ਹੈ ਜਿਸ ਵਿੱਚ ਕੁੱਲ ਮੰਗ ਅਰਥਵਿਵਸਥਾ ਵਿੱਚ ਪੂਰਣ ਰੁਜ਼ਗਾਰ ਦੇ ਲਈ ਜਰੂਰੀ ਕੁੱਲ ਪੂਰਤੀ ਤੋਂ ;
(ੳ) ਅਧਿਕ ਹੁੰਦੀ ਹੈ (ਅ) ਘੱਟ ਹੁੰਦੀ ਹੈ
(ੲ) ਅੱਗੇ ਹੁੰਦੀ ਹੈ (ਸ) ਇਨ੍ਹਾਂ ਵਿੱਚੋਂ ਕੋਈ ਨਹੀਂ।
ਉੱਤਰ (ਅ) ਘੱਟ ਹੁੰਦੀ ਹੈ
271. ਨਿਊਨ ਮੰਗ ਦੀ ਸਥਿਤੀ ਵਿੱਚ ਅਰਥਵਿਵਸਥਾ ਵਿੱਚ ਆਮਦਨ, ਉਤਪਾਦ ਅਤੇ ਰੁਜ਼ਗਾਰ ਦਾ ਪੱਧਰ ਹੋਵੇਗਾ
(ੳ) ਅਧਿਕਤਮ (ਅ) ਘੱਟ
(ੲ) ਸਿਫਰ (ਸ) ਰਿਣਾਤਮਿਕ ।
ਉੱਤਰ (ਅ) ਘੱਟ
272. "ਪੂਰਤੀ ਆਪਣੀ ਮੰਗ ਆਪ ਪੈਦਾ ਕਰਦੀ ਹੈ" ਇਹ ਕਥਨ .......... ਦਾ ਹੈ।

(ੳ) ਐਡਮ ਸਮਿੱਥ (ਅ) ਰੋਬਿੰਨਜ਼
(ੲ) ਸੇ (ਸ) ਕੋਈ ਵੀ ਨਹੀ।

ਉੱਤਰ (ੲ) ਸੇ

273. ਘੱਟ ਮੰਗ ਦੇ ਸਮੇਂ ਅਰਥਵਿਵਸਥਾ ਵਿੱਚ ਘੱਟ ਉਤਪਾਦਨ ,ਘੱਟ ਆਮਦਨ ਅਤੇ ਘੱਟ ਰੁਜ਼ਗਾਰ ਦੀ ਸਥਿਤੀ ਹੁੰਦੀ ਹੈ ।ਇਸ ਅਵਸਥਾ ਨੂੰ ............ ਕਹਿੰਦੇ ਹਨ।
(ੳ) ਸਫੀਤਿਕ (ਅ) ਤੇਜੀ
(ੲ) ਅਵਸਫੀਤਿਕ (ਸ) ਉਪਰਲੇ ਸਾਰੇ ।

ਉੱਤਰ (ੲ) ਅਵਸਫੀਤਿਕ

274. ਜਦੋਂ ਕੁੱਲ ਮੰਗ ,ਕੁੱਲ ਪੂਰਤੀ ਤੋਂ ਵੱਧ ਹੁੰਦੀ ਹੈ ਤਾਂ ਇਸ ਸਥਿਤੀ ਨੂੰ ......... ਕਹਿੰਦੇ ਹਨ।
(ੳ) ਘੱਟ ਮੰਗ (ਅ) ਮੰਦੀ
(ੲ) ਵੱਧ ਮੰਗ (ਸ) ਉਪਰਲੇ ਸਾਰੇ ।

ਉੱਤਰ (ੲ) ਵੱਧ ਮੰਗ

275. ਅਤਿ-ਅਧਿਕ ਮੰਗ ਅਵਸਫਿਤੀ ਅੰਤਰਾਲ ਨੂੰ ਜਨਮ ਦਿੰਦੀ ਹੈ। (ਸਹੀ/ਗਲਤ)

ਉੱਤਰ ਗਲਤ

276. ਅਤਿ-ਅਧਿਕ ਮੰਗ ਦੀ ਪਰਿਭਾਸ਼ਾ ਦਿਓ।

ਉੱਤਰ ਅਤਿ-ਅਧਿਕ ਮੰਗ ਉਹ ਸਥਿਤੀ ਹੈ ਜਿਸ ਵਿੱਚ ਕੁੱਲ ਮੰਗ ਪੂਰਨ ਰੁਜ਼ਗਾਰ ਦੇ ਲਈ ਜਰੂਰੀ ਕੁੱਲ ਪੂਰਤੀ ਨਾਲੋਂ ਵੱਧ ਹੁੰਦੀ ਹੈ। AD> AS .

277. ਅਵਸਫੀਤਿਕ ਅੰਤਰਾਲ ਦੀ ਪਰਿਭਾਸ਼ਾ ਦਿਓ।

ਉੱਤਰ ਅਵਸਫੀਤਿਕ ਅੰਤਰਾਲ ਉਹ ਸਥਿਤੀ ਹੈ ਜਿਸ ਵਿੱਚ ਕੁੱਲ ਮੰਗ ਪੂਰਨ ਰੁਜ਼ਗਾਰ ਦੇ ਲਈ ਜਰੂਰੀ ਕੁੱਲ ਪੂਰਤੀ ਨਾਲੋਂ ਘੱਟ ਹੁੰਦੀ ਹੈ।

278. ਅਵਸਫੀਤਿਕ ਅੰਤਰਾਲ ਕਿਵੇਂ ਮਾਪਿਆ ਜਾਂਦਾ ਹੈ?

ਉੱਤਰ ਅਵਸਫੀਤਿਕ ਅੰਤਰਾਲ= ADF - ADU
(ਇਥੇ ADF = ਪੂਰਨ ਰੁਜ਼ਗਾਰ ਲਈ ਲੋੜੀਂਦੀ ਕੁੱਲ ਮੰਗ , ADU = ਅਪੂਰਨ ਰੁਜ਼ਗਾਰ ਲਈ ਲੋੜੀਂਦੀ ਕੁੱਲ ਮੰਗ)

279. ਉਹ ਨੀਤੀ ਜਿਸ ਰਾਹੀਂ ਕਿਸੇ ਦੇਸ਼ ਦੀ ਸਰਕਾਰ ਅਤੇ ਕੇਂਦਰੀ ਬੈਂਕ ਅਰਥਵਿਵਸਥਾ ਵਿੱਚ ਆਰਥਿਕ ਸਥਿਰਤਾ ਲਿਆਉਣ ਲਈ ਮੁਦਰਾ ਦੀ ਪੂਰਤੀ ਸਾਖ ਦੀ ਉਪਲੱਬਧਤਾ ਅਤੇ ਵਿਆਜ ਦਰ ਨੂੰ ਨਿਯੰਤ੍ਰਿਤ ਕਰਨ ਦੀ ਕੋਸ਼ਸ਼ ਕਰਦੀ ਹੈ, ਨੂੰ ........... ਕਹਿੰਦੇ ਹਨ।
(ੳ) ਰਾਜਕੋਸ਼ੀ ਨੀਤੀ (ਅ) ਮੌਦ੍ਰਿਕ ਨੀਤੀ
(ੲ) ਆਰਥਿਕ ਨੀਤੀ (ਸ) ਕੋਈ ਵੀ ਨਹੀਂ

ਉੱਤਰ (ਅ) ਮੌਦ੍ਰਿਕ ਨੀਤੀ

280. ਕਿਹੜੀ ਨੀਤੀ ਸਰਕਾਰ ਦੀ ਆਮਦਨ ਅਤੇ ਖਰਚ ਨਾਲ਼ ਸੰਬੰਧਿਤ ਹੈ?
(ੳ) ਰਾਜਕੋਸ਼ੀ ਨੀਤੀ (ਅ) ਮੌਦ੍ਰਿਕ ਨੀਤੀ
(ੲ) ਆਰਥਿਕ ਨੀਤੀ (ਸ) ਕੋਈ ਵੀ ਨਹੀਂ

ਉੱਤਰ (ੳ) ਰਾਜਕੋਸ਼ੀ ਨੀਤੀ

281. ਸਸਤੀ ਮੌਦ੍ਰਿਕ ਨੀਤੀ ਦਾ ਉਦੇਸ਼ ਹੈ?
(ੳ) ਸਾਖ ਦਾ ਵਿਸਥਾਰ ਕਰਨਾ (ਅ) ਵਸਤੂਆਂ ਅਤੇ ਸੇਵਾਵਾਂ ਦੀ ਮੰਗ ਵਿੱਚ ਵਾਧਾ ਕਰਨਾ
(ੲ) ਅਵਸਫੀਤਿਕ ਅੰਤਰਾਲ ਨੂੰ ਘੱਟ ਕਰਨਾ (ਸ) ਇਹ ਸਾਰੇ

ਉੱਤਰ (ਸ) ਇਹ ਸਾਰੇ

282. ਜੇ ਘੱਟ ਮੰਗ ਹੋਵੇ ਤਾਂ ਹੇਠ ਲਿਖਿਆਂ ਵਿੱਚੋਂ ਕੀ ਨਹੀਂ ਕੀਤਾ ਜਾਣਾ ਚਾਹੀਦਾ।
(ੳ) ਕਰਾਂ ਦੀ ਦਰ ਵਿੱਚ ਕਮੀ (ਅ) ਘਾਟੇ ਦੀ ਵਿੱਤ ਅਵਸਥਾ ਨੂੰ ਘੱਟ ਕਰਨਾ
(ੲ) ਸਰਬਜਨਕ ਕਰਜਿਆਂ ਵਿੱਚ ਕਮੀ ਕਰਨਾ (ਸ) ਆਰਥਿਕ ਸਹਾਇਤਾ।

ਉੱਤਰ (ਅ) ਘਾਟੇ ਦੀ ਵਿੱਤ ਅਵਸਥਾ ਨੂੰ ਘੱਟ ਕਰਨਾ

283. ਅਤਿ-ਅਧਿਕ ਮੰਗ ਨੂੰ ਠੀਕ ਕਰਨ ਲਈ ........ ਮੁਦਰਾ ਨੀਤੀ ਅਪਣਾਈ ਜਾਂਦੀ ਹੈ। (ਸਸਤੀ/ਮਹਿੰਗੀ)

ਉੱਤਰ ਮਹਿੰਗੀ

284. ਪ੍ਰਤਿਭੂਤੀਆਂ ਦੇ ਲੈਣ-ਦੇਣ ਨੂੰ ....... ਕਹਿੰਦੇ ਹਨ? (ਖੁੱਲ੍ਹੇ ਬਜ਼ਾਰ ਦੀਆਂ ਕਿਰਿਆਵਾਂ/ਸੰਕੁਚਿਤ ਬਜ਼ਾਰ ਦੀਆਂ ਕਿਰਿਆਵਾਂ)

ਉੱਤਰ ਖੁੱਲ੍ਹੇ ਬਜ਼ਾਰ ਦੀਆਂ ਕਿਰਿਆਵਾਂ

285. ਨਿਊਨ ਮੰਗ ਅਤੇ ਅਵਸਫੀਤਿਕ ਅੰਤਰਾਲ ਵਿੱਚ ...... ਨੀਤੀ ਅਪਣਾਈ ਜਾਂਦੀ ਹੈ।(ਸਸਤੀ/ਮਹਿੰਗੀ)

ਉੱਤਰ ਸਸਤੀ

286. SLR ਦੀ ਪਰਿਭਾਸ਼ਾ ਦਿਓ।

ਉੱਤਰ SLR ਬੈਂਕ ਜਮ੍ਹਾਂ ਦਾ ਉਹ ਅਨੁਪਾਤ ਹੈ ਜੋ ਵਪਾਰਿਕ ਬੈਂਕ ਆਪਣੇ ਕੋਲ ਰੱਖਦੇ ਹਨ।

287. ਕਰ ਕੀ ਹੈ?

ਉੱਤਰ ਸਰਕਾਰੀ ਖਰਚ ਕਰਨ ਲਈ ਨਾਗਰਿਕਾਂ ਦੁਆਰਾ ਸਰਕਾਰ ਨੂੰ ਕੀਤਾ ਗਿਆ ਭੁਗਤਾਨ ਕਰ ਹੁੰਦਾ ਹੈ।

288. ਸਸਤੀ ਮੌਦ੍ਰਿਕ ਨੀਤੀ ਦੀ ਪਰਿਭਾਸ਼ਾ ਦਿਓ।

ਉੱਤਰ ਸਸਤੀ ਮੌਦ੍ਰਿਕ ਨੀਤੀ ਉਸ ਨੀਤੀ ਨੂੰ ਕਹਿੰਦੇ ਹਨ ਜਿਸ ਵਿੱਚ ਆਸਾਨੀ ਨਾਲ ਅਤੇ ਘੱਟ ਵਿਆਜ ਦਰ ਤੇ ਸਾਖ ਪ੍ਰਾਪਤ ਹੋ ਜਾਂਦਾ ਹੈ।

289. ਹੇਠਾਂ ਲਿਖਿਆਂ ਵਿੱਚੋਂ ਕਿਹੜਾ ਮੁਦਰਾ ਦਾ ਕਾਰਜ ਨਹੀਂ ਹੈ?

(ੳ) ਵਟਾਂਦਰੇ ਦੇ ਮਾਧਿਅਮ ਵਜੋਂ ਕੰਮ ਕਰਨਾ (ਅ) ਮੁੱਲ ਦਾ ਮਾਪ

(ੲ) ਮੁੱਲ ਦਾ ਹਸਤਾਂਤਰਣ (ਸ) ਇਹਨਾਂ ਵਿੱਚੋਂ ਕੋਈ ਨਹੀਂ।

ਉੱਤਰ (ਸ) ਇਹਨਾਂ ਵਿੱਚੋਂ ਕੋਈ ਨਹੀਂ।

290. ਆਦੇਸ਼ ਮੁਦਰਾ ਤੋਂ ਕੀ ਭਾਵ ਹੈ?

ਉੱਤਰ ਉਹ ਮੁਦਰਾ ਜੋ ਸਰਕਾਰ ਦੇ ਆਦੇਸ਼ ਨਾਲ ਚੱਲਦੀ ਹੈ । ਇਸ ਵਿੱਚ ਨੋਟ ਅਤੇ ਸਿੱਕੇ ਸਾਮਿਲ ਹੁੰਦੇ ਹਨ।

291. ਵਧੀਆ ਮੁਦਰਾ ਵਿੱਚ ਕਿਹੜਾ ਗੁਣ ਹੋਣਾ ਚਾਹੀਦਾ ਹੈ?

(ੳ) ਆਮ ਸਵੀਕਾਰਤਾ (ਅ) ਮੁੱਲ ਦੀ ਸਥਿਰਤਾ

(ੲ) ਵੰਡਣ ਯੋਗਤਾ (ਸ) ਇਹ ਸਾਰੇ ਹੀ।

ਉੱਤਰ (ਸ) ਇਹ ਸਾਰੇ ਹੀ।

292. ਨਿਕਟ ਮੁਦਰਾ ਦੀ ਧਾਰਨਾ ਦੀ ਵਿਆਖਿਆ ਕਰੋ।

ਉੱਤਰ ਅਸਾਨੀ ਨਾਲ ਨਕਦੀ ਵਿੱਚ ਪਰਿਵਰਤਨਸ਼ੀਲ ਵਿੱਤੀ ਪ੍ਰਤੀਭੂਤੀਆਂ ਨੂੰ ਨਿਕਟ ਮੁਦਰਾ ਸੰਪਤੀਆਂ ਕਿਹਾ ਜਾਂਦਾ ਹੈ।

293. ਉਸ ਵਸਤੂ ਦਾ ਨਾਂ ਦੱਸੋ ਜਿਸ ਨੂੰ ਵਟਾਂਦਰੇ ਦੇ ਮਾਧਿਅਮ ਵਜੋਂ ਸਵੀਕਾਰ ਕੀਤਾ ਜਾਂਦਾ ਹੈ?

(ੳ) ਮੁਦਰਾ (ਅ) ਪੈਟਰੋਲ

(ੲ) ਧਾਤੂ (ਸ) ਕੋਈ ਵੀ ਨਹੀ।

ਉੱਤਰ (ੳ) ਮੁਦਰਾ

294. ਉਹ ਪ੍ਰਨਾਲ਼ੀ ਜਿਸ ਵਿੱਚ ਵਸਤੂ ਦਾ ਵਟਾਂਦਰਾ ਵਸਤੂ ਨਾਲ ਕੀਤਾ ਜਾਂਦਾ ਹੈ।

(ੳ) ਬਦਲਾਅ ਪ੍ਰਾਲੀ (ਅ) ਵਸਤੂ ਲਈ ਵਸਤੂ ਪ੍ਰਨਾਲ਼ੀ

(ੲ) ਵਟਾਂਦਰਾ ਪ੍ਰਨਾਲ਼ੀ (ਸ) ਟ੍ਰਾਂਸਫਰ ਤਬਾਦਲੀ

ਉੱਤਰ (ਅ) ਵਸਤੂ ਲਈ ਵਸਤੂ ਪ੍ਰਣਾਲੀ

295. ਹੇਠ ਲਿਖਿਆਂ ਵਿੱਚੋਂ ਕਿਹੜੀ ਨਿਕਟ ਮੁਦਰਾ ਹੈ?

(ੳ) ਸਮਾਂ ਜਮ੍ਹਾਂ (ਅ) ਆਦਾਨ ਪ੍ਰਦਾਨ ਪੱਤਰ

(ੲ) ਟਰੇਜ਼ਰੀ ਬਿੱਲ (ਸ) ਇਹ ਸਾਰੇ

ਉੱਤਰ (ਸ) ਇਹ ਸਾਰੇ

296. ਪੂਰਨ ਰੂਪੀ ਮੁਦਰਾ ਉਹ ਮੁਦਰਾ ਹੈ ਜਿਸ ਵਿੱਚ ਸਿੱਕੇ ਤੇ ਅੰਕਿਤ ਮੁੱਲ ਅਤੇ ਉਸ ਉੱਤੇ ਲੱਗੀ ਧਾਤੂ ਦਾ

(ੳ) ਮੁੱਲ ਬਰਾਬਰ ਹੈ (ਅ) ਮੁੱਲ ਘੱਟ ਹੈ

(ੲ) ਮੁੱਲ ਅਧਿਕ ਹੈ (ਸ) ਮੁੱਲ ਸਿਫਰ ਹੈ।

ਉੱਤਰ (ੳ) ਮੁੱਲ ਬਰਾਬਰ ਹੈ

297. ਮੁਦਰਾ ਦੀ ਮੁੱਖ ਵਿਸ਼ੇਸ਼ਤਾ .......... ਹੈ। (ਤਰਲਤਾ,ਅਤਰਲਤਾ )

ਉੱਤਰ ਤਰਲਤਾ

298. ਮੁਦਰਾ ਦੀ ਪੂਰਤੀ ਦਾ ਅਰਥ ਹੈ ........... ਦੇ ਕੋਲ ਮੁਦਰਾ ਦਾ ਸਟਾਕ। (ਜਨਤਾ, ਪੂਰਤੀ ਕਰਨ ਵਾਲਾ)

ਉੱਤਰ ਜਨਤਾ

299. ਭਾਰਤ ਵਿੱਚ ਮੁਦਰਾ ਜਾਰੀ ਕਰਨ ਲਈ ....... ਦਾ ਉਪਯੋਗ ਕੀਤਾ ਜਾਂਦਾ ਹੈ। (ਨਿਊਨਤਮ ਸੁਰੱਖਿਅਤ ਪ੍ਰਣਾਲੀ, ਅਨੁਪਾਤਕ ਕੋਸ਼ ਪ੍ਰਣਾਲੀ)

ਉੱਤਰ ਨਿਊਨਤਮ ਸੁਰੱਖਿਅਤ ਪ੍ਰਣਾਲੀ

300. ਚੈਕ ਅਤੇ ਮੁਦਰਾ ਵਿੱਚ ਕੋਈ ਅੰਤਰ ਨਹੀਂ। (ਸਹੀ/ਗ਼ਲਤ)

ਉੱਤਰ ਗਲਤ

301. ਮੁਦਰਾ ਦੀ ਤੁਲਨਾ ਵਿੱਚ ਨਿਕਟ ਮੁਦਰਾ ਘੱਟ ਤਰਲ ਹੁੰਦੀ ਹੈ। (ਸਹੀ, ਗ਼ਲਤ)

ਉੱਤਰ ਸਹੀ

302. ਭਾਰਤ ਵਿੱਚ ਮੁਦਰਾ ਪੂਰਤੀ ਦੇ ਤਿੰਨ ਵਿਕਲਪੀ ਮਾਪ ਹਨ। (ਸਹੀ, ਗ਼ਲਤ)

ਉੱਤਰ ਗ਼ਲਤ

303. ਸਮਾਂਬਧ ਜਮ੍ਹਾਂ (Fixed Deposit) ਚੈਕ ਰਾਹੀਂ ਕੱਢੀ ਜਾਣ ਵਾਲੀ ਜਮ੍ਹਾਂ ਹੈ। (ਸਹੀ, ਗ਼ਲਤ)

ਉੱਤਰ ਗ਼ਲਤ

304. ਪੰਜਾਬ ਵਿੱਚ ਕੋਈ ਦੋ ਨਿੱਜੀ ਖੇਤਰ ਦੀਆਂ ਬੈਂਕਾਂ ਦੇ ਨਾਮ ਦੱਸੋ।

ਉੱਤਰ ਐਚ.ਡੀ.ਐਫ.ਸੀ.ਬੈਂਕ, ਆਈ.ਸੀ.ਆਈ.ਸੀ.ਬੈਂਕ।

305. ਇੱਕ ਅਰਥਵਿਵਸਥਾ ਵਿੱਚ ਕਿਹੜੀ ਸੰਸਥਾ ਅੰਤਿਮ ਰਿਣਦਾਤਾ ਹੁੰਦੀ ਹੈ?

ਉੱਤਰ RBI

306. ਅਰਥਵਿਵਸਥਾ ਵਿੱਚ ਸਾਖ ਨਿਯੰਤਰਨ ਕੌਣ ਕਰਦਾ ਹੈ?

ਉੱਤਰ RBI

307. ਦੇਸ ਵਿੱਚ ਸਰਕਾਰ ਦਾ ਬੈਂਕ ਕਿਹੜਾ ਹੁੰਦਾ ਹੈ?

(ੳ) ਵਪਾਰਿਕ ਬੈਂਕ (ਅ) ਕੇਂਦਰੀ ਬੈਂਕ

(ੲ) ਨਿੱਜੀ ਬੈਂਕ (ਸ) ਵਿਦੇਸ਼ੀ ਬੈਂਕ।

ਉੱਤਰ (ਅ) ਕੇਂਦਰੀ ਬੈਂਕ

308. ਭਾਰਤੀ ਰਿਜ਼ਰਵ ਬੈਂਕ ਦੀ ਸਥਾਪਨਾ ਕਿਹੜੇ ਸਾਲ ਵਿੱਚ ਹੋਈ?

(ੳ) 1905 (ਅ) 1925

(ੲ) 1935 (ਸ) 1949

ਉੱਤਰ (ੲ) 1935

309. ਹੇਠਾਂ ਲਿਖਿਆਂ ਵਿੱਚੋਂ ਕੇਂਦਰੀ ਬੈਂਕ ਦੁਆਰਾ ਸਾਖ ਦੀ ਗੁਣਾਤਮਕ ਨਿਯੰਤਰਨ ਵਿਧੀ ਕਿਹੜੀ ਹੈ?

(ੳ) ਬੈਂਕ ਦਰ (ਅ) ਖੁੱਲ੍ਹੇ ਬਜ਼ਾਰ ਦੀਆਂ ਕਿਰਿਆਵਾਂ

(ੲ) ਨਕਦ ਰਿਜ਼ਰਵ ਅਨੁਪਾਤ (ਸ) ਸਾਖ ਦੀ ਰਾਸ਼ਨਿੰਗ

ਉੱਤਰ (ਸ) ਸਾਖ ਦੀ ਰਾਸ਼ਨਿੰਗ

310. ਸਾਖ ਨਿਯੰਤਰਣ ਤੋਂ ਭਾਵ ਹੈ?

(ੳ) ਕੇਵਲ ਸਾਖ ਦਾ ਸੰਕੁਚਨ (ਅ) ਸਾਖ ਦਾ ਵਿਸਥਾਰ

(ੲ) ਸਾਖ ਦਾ ਸੰਕੁਚਨ ਅਤੇ ਵਿਸਤਾਰ (ਸ) ਮੁਦਰਾ ਦਾ ਸੰਕੁਚਨ ਅਤੇ ਵਿਸਤਾਰ

ਉੱਤਰ (ੲ) ਸਾਖ ਦਾ ਸੰਕੁਚਨ ਅਤੇ ਵਿਸਥਾਰ

311. ਬੈਂਕ ਸਾਖ ਦਾ ਨਿਰਮਾਣ ............. ਦੁਆਰਾ ਕਰਦੇ ਹਨ। (ਜਮ੍ਹਾਂ/ਉਧਾਰ)

ਉੱਤਰ ਉਧਾਰ

312. ਮੁਦਰਾ ਸਫੀਤੀ ਤੇ ਨਿਯੰਤਰਨ ਦੇ ਲਈ ਕੇਂਦਰੀ ਬੈਂਕ ,ਬੈਂਕ ਦਰ ਵਿੱਚ ......... ਕਰਦਾ ਹੈ। (ਕਮੀ/ਵਾਧਾ)

ਉੱਤਰ ਵਾਧਾ

313. ਕੇਂਦਰੀ ਬੈਂਕ ਦਾ ਮੁੱਖ ਕੰਮ ਸਾਖ ਦਾ ਨਿਰਮਾਣ ਕਰਨਾ ਹੈ। (ਸਹੀ/ਗ਼ਲਤ)

ਉੱਤਰ ਗਲਤ

314. ਕੇਂਦਰੀ ਬੈਂਕ ਦਾ ਦੇਸ਼ ਦੇ ਆਰਥਿਕ ਵਿਕਾਸ ਨਾਲ਼ ਕੋਈ ਸੰਬੰਧ ਨਹੀਂ ਹੈ । (ਸਹੀ/ਗ਼ਲਤ)

ਉੱਤਰ ਗ਼ਲਤ

315. E-ਬੈਂਕਿੰਗ ਕੀ ਹੈ?

ਉੱਤਰ ਇਸ ਤੋਂ ਭਾਵ ਇਲੈਕਟ੍ਰੋਨਿਕ ਬੈਂਕਿੰਗ ਤੋਂ ਹੈ। ਬੈਂਕ ਕੋਲ ਹਮੇਸ਼ਾਂ ਇੱਕ ਵੈਬਸਾਈਟ ਹੁੰਦੀ ਹੈ ਅਤੇ ਇਸ ਦੇ ਖਾਤਾ ਧਾਰਕਾਂ ਨੂੰ ਉਸ ਤੱਕ ਪਹੁੰਚਣ ਦੀ ਸੁਤੰਤਰਤਾ ਹੁੰਦੀ ਹੈ।

316. ਰੇਪੋ ਦਰ ਨੂੰ ਪਰਿਭਾਸ਼ਿਤ ਕਰੋ।
ਉੱਤਰ ਰੇਪੋ ਦਰ ਉਹ ਬੈਂਕ ਦਰ ਹੈ ਜਿਸ ਤੇ ਦੇਸ਼ ਦਾ ਕੇਂਦਰੀ ਬੈਂਕ ਵਪਾਰਕ ਬੈਂਕਾਂ ਨੂੰ ਕਰਜ਼ਾ ਦਿੰਦਾ ਹੈ।
317. ਕਰ ਇੱਕ ਕਨੂੰਨੀ ਭੁਗਤਾਨ ਨਹੀਂ ਹੈ। (ਠੀਕ/ਗ਼ਲਤ)
ਉੱਤਰ ਗ਼ਲਤ
318. ਸਰਕਾਰ ਦੇ ਬਜਟ ਕਿਹੜੇ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ?
ਉੱਤਰ ਆਮਦਨ ਬਜਟ ਅਤੇ ਖ਼ਰਚ ਬਜਟ
319. ਸਹੀ ਉੱਤਰ ਦੀ ਚੋਣ ਕਰੋ;
ਇੱਕ ਕਰ ਜਿਸ ਦਾ ਭਾਰ ਤਬਦੀਲ ਕੀਤਾ ਜਾ ਸਕਦਾ ਹੈ।
(ੳ) ਪ੍ਰਤੱਖ ਕਰ
(ਅ) ਅਪ੍ਰਤੱਖ ਕਰ
(ੲ) ਸੰਪਤੀ ਕਰ
(ਸ) ਕੋਈ ਨਹੀਂ
ਉੱਤਰ (ਅ) ਅਪ੍ਰਤੱਖ ਕਰ
320. ਘਾਟੇ ਦਾ ਬਜਟ ਕੀ ਹੁੰਦਾ ਹੈ?
ਉੱਤਰ ਬਜਟ ਆਮਦਨ ਦੇ ਮੁਕਾਬਲੇ ਬਜਟ ਖਰਚ ਦੀ ਅਧਿਕਤਾ ਨੂੰ ਬਜਟ ਘਾਟਾ ਕਿਹਾ ਜਾਂਦਾ ਹੈ।

321. ਸਹੀ ਉੱਤਰ ਦੀ ਚੋਣ ਕਰੋ;
ਸਰਕਾਰ ਦੇ ਬਜਟ ਦੇ ਕਿਹੜੇ ਦੋ ਭਾਗ ਹੁੰਦੇ ਹਨ?
(ੳ) ਆਮਦਨ ਬਜਟ ਅਤੇ ਪੂੰਜੀਗਤ ਬਜਟ (ਅ) ਆਮਦਨ ਬਜਟ ਅਤੇ ਖਰਚ ਬਜਟ
(ਬ) ਕਰ ਬਜਟ ਅਤੇ ਗੈਰ ਕਰ ਬਜਟ (ਸ) ਕੋਈ ਨਹੀਂ
ਉੱਤਰ (ਅ) ਆਮਦਨ ਬਜਟ ਅਤੇ ਖਰਚ ਬਜਟ
322. ਵਿਕਾਸ ਖਰਚ ਕਿਸ ਨੂੰ ਆਖਦੇ ਹਨ?
ਉੱਤਰ ਸਰਕਾਰ ਵੱਲੋਂ ਦੇਸ਼ ਦੇ ਵਿਕਾਸ ਲਈ ਕੀਤਾ ਜਾ ਵਾਲਾ ਖ਼ਰਚ ਵਿਕਾਸ ਖ਼ਰਚ ਅਖਵਾਉਂਦਾ ਹੈ।
323. ਸਹੀ ਉੱਤਰ ਦੀ ਚੋਣ ਕਰੋ;
ਹੇਠ ਲਿਖਿਆਂ ਵਿੱਚੋਂ ਕਿਹੜਾ ਪ੍ਰਤੱਖ ਕਰ ਹੈ?
(ੳ) ਵਿਕਰੀ ਕਰ (ਅ) ਵੈਟ
(ੲ) ਆਮਦਨ ਕਰ (ਸ) ਕੋਈ ਨਹੀਂ
ਉੱਤਰ (ੲ)ਆਮਦਨ ਕਰ
324. ਸਰਕਾਰ ਦੀਆਂ ਆਮਦਨ ਪ੍ਰਾਪਤੀਆਂ ਦੇ ਮੁਕਾਬਲੇ ਆਮਦਨ ਖਰਚ ਦੀ ਅਧਿਕਤਾ ਨੂੰ ਕੀ ਕਿਹਾ ਜਾਂਦਾ ਹੈ?
(ੳ) ਮੁੱਢਲਾ ਘਾਟਾ (ਅ) ਵਿੱਤੀ ਘਾਟਾ
(ੲ) ਆਮਦਨ ਘਾਟਾ (ਸ) ਇਹਨਾਂ ਵਿੱਚੋਂ ਕੋਈ ਨਹੀਂ
ਉੱਤਰ (ੲ) ਆਮਦਨ ਘਾਟਾ
325. ਇੱਕ ਕਰ ਜਿਸ ਦਾ ਭਾਰ ਤਬਦੀਲ ਨਹੀਂ ਕੀਤਾ ਜਾ ਸਕਦਾ ਨੂੰ ...... ਕਹਿੰਦੇ ਹਨ।
(ੳ) ਪ੍ਰਤੱਖ ਕਰ (ਅ) ਅਪ੍ਰਤੱਖ ਕਰ
(ੲ) ਆਬਕਾਰੀ ਕਰ (ਸ) ਇਹਨਾਂ ਵਿੱਚੋਂ ਕੋਈ ਨਹੀਂ ।
ਉੱਤਰ (ੳ) ਪ੍ਰਤੱਖ ਕਰ
326. ਬਜਟ ਦੀ ਪਰਿਭਾਸ਼ਾ ਦਿਓ।
ਉੱਤਰ ਨਿਸ਼ਚਿਤ ਸਾਲ ਦੌਰਾਨ ਸਰਕਾਰ ਦੀ ਆਮਦਨ ਅਤੇ ਖਰਚ ਦੇ ਲੇਖੇ ਨੂੰ ਬਜਟ ਕਿਹਾ ਜਾਂਦਾ ਹੈ।
327. ਖਾਲੀ ਥਾਂ ਭਰੋ;
ਜੇਕਰ ਵਿਦੇਸ਼ੀ ਮੁਦਰਾ ਦੀ ਮੰਗ ਵੱਧ ਜਾਵੇ ਤਾਂ ਲਚਕਦਾਰ ਵਟਾਂਦਰਾ ਦਰ ......... ਜਾਂਦੀ ਹੈ।
ਉੱਤਰ ਵੱਧ
328. ਖਾਲੀ ਥਾਂ ਭਰੋ;
ਇੱਕ ਦੇਸ ਦੀ ਮੁਦਰਾ ਦੇ ਦੂਜੇ ਦੇਸ ਦੀ ਮੁਦਰਾ ਦੇ ਰੂਪ ਵਿੱਚ ਮੁੱਲ ਨੂੰ ............. ਕਿਹਾ ਜਾਂਦਾ ਹੈ।
ਉੱਤਰ ਵਟਾਂਦਰਾ ਦਰ
329. ਖਾਲੀ ਥਾਂ ਭਰੋ;

……… ਵਟਾਂਦਰਾ ਦਰ ਦੇ ਅੰਤਰਗਤ ,ਵਟਾਂਦਰਾ ਦਰ ਦੀ ਸਥਿਰਤਾ ਬਣੀ ਰਹਿੰਦੀ ਹੈ।

ਉੱਤਰ ਸਥਿਰ ।

330. ਟਕਸਾਲੀ ਦਰ ਤੋਂ ਕੀ ਭਾਵ ਹੈ?
 (ੳ) ਸਮਾਨ ਖਰੀਦ ਸ਼ਕਤੀ (ਅ) ਦੋ ਕਰੰਸੀਆਂ ਵਿੱਚ ਸੋਨੇ ਦਾ ਭਾਰ
 (ੲ) ਵਿਦੇਸ਼ੀ ਕਰੰਸੀ ਦੀ ਮੰਗ ਅਤੇ ਪੂਰਤੀ (ਸ) ਦੋ ਦੇਸਾਂ ਵਿੱਚ ਕੀਮਤ ਪੱਧਰ।

ਉੱਤਰ (ਅ) ਦੋ ਕਰੰਸੀਆਂ ਵਿੱਚ ਸੋਨੇ ਦਾ ਭਾਰ

331. ਹੇਠ ਲਿਖਿਆਂ ਵਿੱਚੋਂ ਸਥਿਰ ਵਟਾਂਦਰਾ ਦਰ ਪ੍ਰਨਾਲ਼ੀ ਦਾ ਕਿਹੜਾ ਲਾਭ ਨਹੀਂ ਹੈ?
 (ੳ) ਅਸਥਿਰਤਾ (ਅ) ਅੰਤਰ ਰਾਸ਼ਟਰੀ ਵਪਾਰ ਵਧਾਉਣਾ
 (ੲ) ਸਥਿਰਤਾ (ਸ) ਸਮੱਸ਼ਟੀ ਨੀਤੀਆਂ ਵਿੱਚ ਤਾਲਮੇਲ ।

ਉੱਤਰ (ੳ) ਅਸਥਿਰਤਾ

332. ਵਿਦੇਸ਼ੀ ਮੁਦਰਾ ਦੀ ਪੂਰਤੀ ……….. ਵਿਦੇਸ਼ੀ ਨਿਵੇਸ਼ ਤੇ ਨਿਰਭਰ ਕਰਦੀ ਹੈ। (ਪ੍ਰਤੱਖ/ਅਪ੍ਰਤੱਖ)

ਉੱਤਰ ਪ੍ਰਤੱਖ

333. ਹਾਜ਼ਰ ਬਜ਼ਾਰ ਉਹ ਬਜ਼ਾਰ ਹੈ ਜਿਸ ਵਿੱਚ …….. ਵਿੱਚ ਪੂਰਾ ਹੋਣ ਵਾਲ਼ਾ ਖ਼ਰੀਦ-ਵੇਚ ਕਾਰੋਬਾਰ ਹੁੰਦਾ ਹੈ। (ਚਾਲੂ/ਭਾਵੀ)

ਉੱਤਰ ਚਾਲੂ

334. ਪ੍ਰਭਾਵੀ ਵਟਾਂਦਰਾ ਦਰ (EER) ਇੱਕ ਕਰੰਸੀ ਦਾ ਅੰਤਰਰਾਸ਼ਟਰੀ ਮੁਦਰਾ ਬਜ਼ਾਰ ਵਿੱਚ ,ਬਾਕੀ ਕਰੰਸੀਆਂ ਦੇ ਸੰਬੰਧ ਵਿੱਚ ਸ਼ਕਤੀ ਦਾ ……… ਹੈ। (ਮਾਪ,ਮਾਪ ਨਹੀਂ )

ਉੱਤਰ ਮਾਪ।

335. ਵਿਦੇਸ਼ੀ ਮੁਦਰਾ ਦੀ ਮੰਗ ਅਤੇ ਵਟਾਂਦਰਾ ਦਰ ਵਿੱਚ ਵਿਪਰੀਤ ਸੰਬੰਧ ਹੈ। (ਸਹੀ/ਗ਼ਲਤ)

ਉੱਤਰ ਸਹੀ

336. ਵਿਦੇਸ਼ੀ ਮੁਦਰਾ ਬਜ਼ਾਰ ਖਰੀਦ ਸ਼ਕਤੀ ਦਾ ਹਸਤਾਂਤਰਨ ਕਰਦਾ ਹੈ । (ਸਹੀ/ਗ਼ਲਤ)

ਉੱਤਰ ਸਹੀ

337. ਮੌਦ੍ਰਿਕ ਪ੍ਰਭਾਵੀ ਵਟਾਂਦਰਾ ਦਰ (NEER) ਬਜ਼ਾਰ ਵਿੱਚ ਇੱਕ ਕਰੰਸੀ ਦੇ ਰੂਪ ਵਿੱਚ ਔਸਤ ਸ਼ਕਤੀ ਦਾ ਮਾਪ ਹੈ। (ਸਹੀ/ਗਲਤ)

ਉੱਤਰ ਸਹੀ

338. ਵਿਦੇਸ਼ੀ ਮੁਦਰਾ ਦੀ ਮੰਗ ਦਾ ਪ੍ਰਵਾਹ ਉੱਪਰ ਵੱਲ ਹੁੰਦਾ ਹੈ। (ਸਹੀ/ਗ਼ਲਤ)

ਉੱਤਰ ਗ਼ਲਤ

339. ਭੁਗਤਾਨ ਬਾਕੀ ਤੋਂ ਕੀ ਭਾਵ ਹੈ?

ਉੱਤਰ ਇੱਕ ਦੇਸ ਦੇ ਨਿਵਾਸੀਆਂ ਰਾਹੀਂ ਦੂਸਰੇ ਦੇਸ ਦੇ ਨਿਵਾਸੀਆਂ ਨਾਲ਼ ਕੀਤੇ ਆਰਥਿਕ ਸੌਦਿਆਂ ਦਾ ਕ੍ਰਮਬੱਧ ਲੇਖਾ ।

340. ਭੁਗਤਾਨ ਸੰਤੁਲਨ ਕਿਸ ਪ੍ਰਕਾਰ ਦਾ ਹੋ ਸਕਦਾ ਹੈ?
 (ੳ) ਅਨੁਕੂਲ (ਅ) ਪ੍ਰਤਿਕੂਲ
 (ੲ) ਸੰਤੁਲਿਤ (ਸ) ਇਹਨਾਂ ਤਿੰਨਾਂ ਕਿਸਮਾਂ ਦਾ।

ਉੱਤਰ (ਸ) ਇਹਨਾਂ ਤਿੰਨਾਂ ਕਿਸਮਾਂ ਦਾ।

341. ਵਪਾਰ ਬਾਕੀ ਕੀ ਹੈ?

ਉੱਤਰ ਵਸਤੂਆਂ ਦੇ ਨਿਰਯਾਤ ਅਤੇ ਆਯਾਤ ਦੇ ਅੰਤਰ ਨੂੰ ਵਪਾਰ ਕਿਹਾ ਜਾਂਦਾ ਹੈ।

342. ਜਦੋਂ ਨਿਰਯਾਤਾਂ ਦਾ ਮੁੱਲ ਆਯਾਤਾਂ ਦੇ ਮੁੱਲ ਤੋਂ ……. ਹੋ ਜਾਵੇ ਤਾਂ ਵਪਾਰ ਬਾਕੀ ਪੱਖ ਵਿੱਚ ਹੁੰਦਾ ਹੈ। (ਅਧਿਕ/ਘੱਟ)

ਉੱਤਰ ਅਧਿਕ

343. ਇੱਕ ਅਸਪਰਸ਼ ਵਸਤੂ ਜਿਸ ਦੀ ਆਰਥਿਕ ਕੀਮਤ ਹੁੰਦੀ ਹੈ ਨੂੰ …………. ਕਹਿੰਦੇ ਹਨ।

ਉੱਤਰ ਸੇਵਾ

344. ਇੱਕ ਛੋਹਣਯੋਗ ਵਸਤੂ ਜਿਸ ਦੀ ਆਰਥਿਕ ਕੀਮਤ ਹੁੰਦੀ ਹੈ ਨੂੰ …………. ਕਹਿੰਦੇ ਹਨ।

ਉੱਤਰ ਵਸਤੂ

345. ਇੱਕ ਪੱਖੀ ਭੁਗਤਾਨਾਂ ਨੂੰ .......... ਮਦਾਂ ਮੰਨਿਆਂ ਜਾਂਦਾ ਹੈ। (ਰਿਣਾਤਮਿਕ/ਧਨਾਤਮਿਕ)

ਉੱਤਰ ਰਿਣਾਤਮਿਕ

346. ਵਸਤੂਆਂ ਦੇ ਆਯਾਤ ਅਤੇ ਨਿਰਯਾਤ ਦੇ ਅੰਤਰ ਨੂੰ ......... ਕਹਿੰਦੇ ਹਨ?

(ੳ) ਭੁਗਤਾਨ ਬਾਕੀ (ਅ) ਵਪਾਰ ਬਾਕੀ

(ੲ) ਵਣਜ ਬਾਕੀ (ਸ) ਇਹਨਾਂ ਵਿੱਚੋਂ ਕੋਈ ਨਹੀਂ ।

ਉੱਤਰ (ਅ) ਵਪਾਰ ਬਾਕੀ

347. ਜੇਕਰ ਦ੍ਰਿਸ਼ ਆਯਾਤ ਦੀ ਕੀਮਤ ਦ੍ਰਿਸ਼ ਨਿਰਯਾਤ ਦੀ ਕੀਮਤ ਤੋਂ ਵੱਧ ਹੋਵੇ ਤਾਂ ਦੇਸ਼ ਦਾ ਵਪਾਰ ਬਾਕੀ .......... ਹੋਵੇਗਾ ।

(ੳ) ਅਨੁਕੂਲ (ਅ) ਪ੍ਰਤੀਕੂਲ

(ੲ) ਸੰਤੁਲਿਤ (ਸ) ਇਹਨਾਂ ਤਿੰਨਾਂ ਕਿਸਮਾਂ ਦਾ।

ਉੱਤਰ (ਅ) ਪ੍ਰਤਿਕੂਲ

348. ਬੈਂਕਿੰਗ ਅਤੇ ਬੀਮਾ ਸੇਵਾਵਾਂ ਅਤੇ ਸੈਲਾਨੀਆਂ ਦੁਆਰਾ ਕੀਤਾ ਗਿਆ ਖਰਚ ਵਪਾਰ ਬਾਕੀ ਵਿੱਚ ਸ਼ਾਮਲ ਹੁੰਦਾ ਹੈ। (ਸਹੀ/ਗਲਤ)

ਉੱਤਰ ਗ਼ਲਤ

349. ਇੱਕ ਪੱਖੀ ਅੰਤਰਨ ਕੀ ਹਨ?

**ਉੱਤਰ** ਇੱਕ ਪੱਖੀ ਅੰਤਰਨ ਇੱਕ ਦੇਸ ਤੋਂ ਦੂਜੇ ਦੇਸ਼ ਨੂੰ ਇੱਕ ਤਰਫ਼ਾ ਕੀਤੇ ਜਾਂਦੇ ਹਨ।

350. ਜਦੋਂ ਸਾਰੀਆਂ ਪ੍ਰਾਪਤੀਆਂ ਅਤੇ ਭੁਗਤਾਨਾਂ ਦਾ ਸ਼ੁੱਧ ਬਾਕੀ ਰਿਣਾਤਮਿਕ ਹੁੰਦਾ ਹੈ ਤਾਂ ਉਹ ....... ਸੰਤੁਲਨ ਕਹਾਉਂਦਾ ਹੈ। (ਬੱਚਤ ਵਾਲ਼ਾ/ਘਾਟੇ ਵਾਲ਼ਾ)

ਉੱਤਰ ਘਾਟੇ ਵਾਲ਼ਾ

## ਛੋਟੇ ਉੱਤਰਾਂ ਵਾਲੇ ਪ੍ਰਸ਼ਨ

1. ਅਰਥਸ਼ਾਸਤਰ ਕੀ ਹੈ?
2. ਅਰਥਸ਼ਾਸਤਰ ਦੀ ਐਡਮ ਸਮਿੱਥ ਦੀ ਪਰਿਭਾਸ਼ਾ ਲਿਖੋ।
3. ਅਰਥਸ਼ਾਸਤਰ ਦੀ ਮਾਰਸ਼ਲ ਦੀ ਪਰਿਭਾਸ਼ਾ ਦਿਓ।
4. ਅਰਥਸ਼ਾਸਤਰ ਦੀ ਰੋਬਿੰਸ ਦੀ ਪਰਿਭਾਸ਼ਾ ਦਿਓ।
5. ਅਰਥਸ਼ਾਸਤਰ ਦੀ ਵਿਕਾਸ-ਕੇਂਦ੍ਰਿਤ ਪਰਿਭਾਸ਼ਾ ਦਿਓ।
6. ਚੋਣ ਦੀ ਸਮੱਸਿਆ ਕਿਉਂ ਪੈਦਾ ਹੁੰਦੀ ਹੈ?
7. ਪੂੰਜੀਵਾਦ ਤੋਂ ਕੀ ਭਾਵ ਹੈ?
8. ਮਿਸ਼ਰਤ ਅਰਥਵਿਵਸਥਾ ਤੋਂ ਕੀ ਭਾਵ ਹੈ?
9. ਸਮਾਜਵਾਦ ਤੋਂ ਕੀ ਭਾਵ ਹੈ?
10. ਆਰਥਿਕ ਸਮੱਸਿਆ ਦੀ ਪਰਿਭਾਸ਼ਾ ਦਿਓ।
11. ਦੁਰਲੱਭਤਾ ਕੀ ਹੈ?
12. ਅਰਥਵਿਵਸਥਾ ਦੀਆਂ ਦੋ ਕੇਂਦਰੀ ਸਮੱਸਿਆਵਾਂ ਦਾ ਸੰਖੇਪ ਵਿੱਚ ਵਰਨਣ ਕਰੋ।
13. ਉਤਪਾਦਨ ਸੰਭਾਵਨਾ ਵਕਰ ਦੀਆਂ ਦੋ ਵਿਸ਼ੇਸ਼ਤਾਵਾਂ ਦਾ ਵਰਨਣ ਕਰੋ।
14. ਸੀਮਾਂਤ ਅਵਸਰ ਲਾਗਤ ਦੀ ਪਰਿਭਾਸ਼ਾ ਦਿਓ।
15. ਉਪਯੋਗਤਾ ਤੋਂ ਕੀ ਭਾਵ ਹੈ?
16. ਕੁੱਲ ਉਪਯੋਗਤਾ ਕੀ ਹੈ?
17. ਸੀਮਾਂਤ ਉਪਯੋਗਤਾ ਤੋਂ ਕੀ ਭਾਵ ਹੈ?
18. ਘੱਟਦੇ ਸੀਮਾਂਤ ਤੁਸ਼ਟੀਗੁਣ ਦੇ ਨਿਯਮ ਨੂੰ ਪਰਿਭਾਸ਼ਿਤ ਕਰੋ।

19. ਸਮ-ਸੀਮਾਂਤ ਤੁਸ਼ਟੀਗੁਣ ਦੇ ਨਿਯਮ ਨੂੰ ਪਰਿਭਾਸ਼ਿਤ ਕਰੋ।

20. ਹੇਠ ਦਿੱਤੀ ਤਾਲਿਕਾ ਤੋਂ ਸੀਮਾਂਤ ਉਪਯੋਗਤਾ ਦੀ ਗਣਨਾ ਕਰੋ;

| ਉਪਭੋਗ ਕੀਤੀਆਂ ਇਕਾਈਆਂ | ਕੁੱਲ ਉਪਯੋਗਤਾ | ਸੀਮਾਂਤ ਉਪਯੋਗਤਾ |
|---|---|---|
| 0 | 0 | |
| 1 | 10 | |
| 2 | 25 | |
| 3 | 38 | |
| 4 | 48 | |
| 5 | 55 | |

21. ਹੇਠ ਦਿੱਤੀ ਤਾਲਿਕਾ ਤੋਂ ਕੁੱਲ ਉਪਯੋਗਤਾ ਦੀ ਗਣਨਾ ਕਰੋ;

| ਉਪਭੋਗ ਕੀਤੀਆਂ ਇਕਾਈਆਂ | ਸੀਮਾਂਤ ਉਪਯੋਗਤਾ | ਕੁੱਲ ਉਪਯੋਗਤਾ |
|---|---|---|
| 0 | 25 | |
| 1 | 20 | |
| 2 | 15 | |
| 3 | 10 | |
| 4 | 5 | |
| 5 | 0 | |

22. ਹੇਠ ਦਿੱਤੀ ਤਾਲਿਕਾ ਨੂੰ ਪੂਰਾ ਕਰੋ;

| ਉਪਭੋਗ ਕੀਤੀਆਂ ਇਕਾਈਆਂ | ਕੁੱਲ ਉਪਯੋਗਤਾ | ਸੀਮਾਂਤ ਉਪਯੋਗਤਾ |
|---|---|---|
| 0 | 0 | |
| 1 | 15 | |
| 2 | 30 | |
| 3 | 42 | |
| 4 | 52 | |
| 5 | 61 | |

23. ਮੰਗ ਦੀ ਪਰਿਭਾਸ਼ਾ ਦਿਓ।
24. ਮੰਗ ਅਤੇ ਮੰਗੀ ਗਈ ਮਾਤਰਾ ਵਿੱਚ ਕੀ ਅੰਤਰ ਹੈ?
25. ਮੰਗ ਅਨੁਸੂਚੀ ਕੀ ਹੈ?
26. ਮੰਗ ਵਕਰ ਕਿਸ ਨੂੰ ਕਹਿੰਦੇ ਹਨ?
27. ਵਿਅਕਤੀਗਤ ਮੰਗ ਅਨੁਸੂਚੀ ਅਤੇ ਬਜ਼ਾਰ ਮੰਗ ਅਨੁਸੂਚੀ ਨੂੰ ਪਰਿਭਾਸ਼ਿਤ ਕਰੋ।
28. ਪ੍ਰਤਿਸਥਾਪਨ ਵਸਤੂਆਂ ਤੋਂ ਕੀ ਭਾਵ ਹੈ?
29. ਪੂਰਕ ਵਸਤੂਆਂ ਤੋਂ ਕੀ ਭਾਵ ਹੈ?
30. ਗਿਫ਼ਨ ਵਸਤੂਆਂ ਨੂੰ ਪਰਿਭਾਸ਼ਿਤ ਕਰੋ।
31. ਮੰਗ ਵਕਰ ਤੇ ਸੰਚਾਲਨ ਤੋਂ ਕੀ ਭਾਵ ਹੈ?
32. ਮੰਗ ਵਕਰ ਦੇ ਖਿਸਕਾਅ ਤੋਂ ਕੀ ਭਾਵ ਹੈ?

33. ਪਿਆਜ ਦੇ ਤਿੰਨ ਉਪਭੋਗਤਾ 'A','B','C' ਦੁਆਰਾ ਕੀਤੀ ਗਈ ਮੰਗ ਨੂੰ ਹੇਠ ਲਿਖੀ ਤਾਲਿਕਾ ਵਿੱਚ ਦਰਸਾਇਆ ਗਿਆ ਹੈ।ਇਹ ਮੰਨ ਕੇ ਕਿ ਬਜ਼ਾਰ ਵਿੱਚ ਸਿਰਫ਼ ਤਿੰਨ ਉਪਭੋਗਤਾ ਹਨ,ਬਜ਼ਾਰ ਮੰਗ ਪਤਾ ਕਰੋ;

| ਪਿਆਜ ਦੀ ਪ੍ਰਤਿ ਕਿ.ਗ. ਕੀਮਤ | ਉਪਭੋਗਤਾ 'A' ਦੀ ਮੰਗ | ਉਪਭੋਗਤਾ 'B' ਦੀ ਮੰਗ | ਉਪਭੋਗਤਾ 'C' ਦੀ ਮੰਗ |
|---|---|---|---|
| 20 | 60 | 70 | 30 |
| 25 | 55 | 60 | 25 |
| 30 | 50 | 55 | 20 |
| 45 | 45 | 45 | 15 |
| 60 | 40 | 30 | 10 |

34. ਮੰਗ ਦੀ ਕੀਮਤ ਲੋਚ ਤੋਂ ਤੁਸੀਂ ਕੀ ਸਮਝਦੇ ਹੋ? ਇਸ ਨੂੰ ਮਾਪਣ ਦੀਆਂ ਵਿਧੀਆਂ ਦੇ ਨਾਂ ਦੱਸੋ।

35. ਪ੍ਰਤਿਸ਼ਤ ਵਿਧੀ ਦੁਆਰਾ ਮੰਗ ਦੀ ਲੋਚ ਪਤਾ ਕਰਨ ਦਾ ਸੂਤਰ ਦਿਓ।

36. ਇੱਕ ਵਸਤੂ ਦੀ ਕੀਮਤ ਵਿੱਚ 80% ਕਮੀ ਆਉਣ ਨਾਲ ਮੰਗ ਵਿੱਚ 60% ਵਾਧਾ ਹੋ ਜਾਂਦਾ ਹੈ।ਮੰਗ ਦੀ ਕੀਮਤ ਲੋਚ ਪਤਾ ਕਰੋ।

37. ਉਤਪਾਦਨ ਫਲਨ ਤੋਂ ਕੀ ਭਾਵ ਹੈ? ਉਤਪਾਦਨ ਫਲਨ ਦੇ ਵਿਭਿੰਨ ਪ੍ਰਕਾਰਾਂ ਦੇ ਨਾਂ ਦੱਸੋ।

38. ਸਾਧਨ ਦੇ ਘੱਟਦੇ ਪ੍ਰਤਿਫਲ ਤੋਂ ਕੀ ਭਾਵ ਹੈ?

39. ਪੈਮਾਨੇ ਦੇ ਪ੍ਰਤਿਫਲ ਕੀ ਹੁੰਦੇ ਹਨ?

40. ਪੈਮਾਨੇ ਦੇ ਵੱਧਦੇ ਪ੍ਰਤਿਫਲ ਨੂੰ ਪਰਿਭਾਸ਼ਿਤ ਕਰੋ।

41. ਹੇਠ ਲਿਖੀ ਤਾਲਿਕਾ ਨਾਲ਼ ਕੁੱਲ ਉਤਪਾਦ ਗਿਆਤ ਕਰੋ।

| ਪੂੰਜੀ ਦੀਆਂ ਇਕਾਈਆਂ | ਸੀਮਾਂਤ ਉਤਪਾਦ |
|---|---|
| 1 | 25 |
| 2 | 20 |
| 3 | 15 |
| 4 | 10 |
| 5 | 6 |
| 6 | 0 |
| 7 | -5 |

42. ਹੇਠ ਲਿਖੀ ਤਾਲਿਕਾ ਨਾਲ ਔਸਤ ਉਤਪਾਦ ਗਿਆਤ ਕਰੋ।

| ਪੂੰਜੀ ਦੀਆਂ ਇਕਾਈਆਂ | ਕੁੱਲ ਉਤਪਾਦ |
|---|---|
| 1 | 6 |
| 2 | 14 |
| 3 | 21 |
| 4 | 28 |
| 5 | 35 |
| 6 | 36 |
| 7 | 42 |

43. ਪੂਰਤੀ ਵਕਰ ਤੇ ਸੰਚਾਲਨ ਤੋਂ ਕੀ ਭਾਵ ਹੈ?

44. ਪੂਰਤੀ ਵਕਰ ਦੇ ਖਿਸਕਾਅ ਤੋਂ ਕੀ ਭਾਵ ਹੈ?

45. ਇੱਕ ਫ਼ਰਮ ਦੀ ਪੂਰਤੀ ਵਕਰ ਨੂੰ GST ਕਿਸ ਤਰ੍ਹਾਂ ਪ੍ਰਭਾਵਿਤ ਕਰਦਾ ਹੈ?

46. ਅਜਿਹੀ ਪੂਰਤੀ ਵਕਰ ਬਣਾਓ ਜੋ ਪੂਰਤੀ ਦੀ ਅਨੰਤ ਕੀਮਤ ਲੋਚ ਨੂੰ ਪ੍ਰਗਟ ਕਰਦੀ ਹੈ।

47. ਕੀ ਦੀਰਘਕਾਲੀਨ TC ਵਕਰ ਮੂਲ ਬਿੰਦੂ ਤੋਂ ਸ਼ੁਰੂ ਹੁੰਦੀ ਹੈ?

48. ਸਪਸ਼ਟ ਲਾਗਤਾਂ ਅਤੇ ਆਂਤਰਿਕ ਲਾਗਤਾਂ ਤੋਂ ਤੁਹਾਡਾ ਕੀ ਭਾਵ ਹੈ?ਉਦਾਹਰਨ ਵੀ ਦਿਓ।

49. ਅਲਪਕਾਲੀਨ ਸੀਮਾਂਤ ਕੀਮਤ ਵਕਰ 'U' ਅਕਾਰ ਦੀ ਕਿਉਂ ਹੁੰਦੀ ਹੈ?

50. ਪਰਿਵਰਤੀ ਲਾਗਤਾਂ ਅਤੇ ਸਥਿਰ ਲਾਗਤਾਂ ਤੋਂ ਕੀ ਭਾਵ ਹੈ?

51. ਕੁੱਲ ਲਾਗਤਾਂ ਤੋਂ ਕੀ ਭਾਵ ਹੈ?ਇਸ ਵਿੱਚ ਕਿਹੜੀਆਂ ਲਾਗਤਾਂ ਸ਼ਾਮਲ ਹੁੰਦੀਆਂ ਹਨ?

52. ਹੇਠਲੀ ਸੂਚੀ ਤੋਂ ਔਸਤ ਲਾਗਤ ਪਤਾ ਕਰੋ।

| ਉਤਪਾਦਨ ਦੀਆਂ ਇਕਾਈਆਂ | ਕੁੱਲ ਲਾਗਤ |
|---|---|
| 1 | 70 |
| 2 | 80 |
| 3 | 120 |
| 4 | 160 |
| 5 | 220 |
| 6 | 300 |

53. ਹੇਠਲੀ ਸੂਚੀ ਤੋਂ ਕੁੱਲ ਲਾਗਤ ਪਤਾ ਕਰੋ।

| ਉਤਪਾਦਨ ਦੀਆਂ ਇਕਾਈਆਂ | ਸੀਮਾਂਤ ਲਾਗਤ |
|---|---|
| 1 | 35 |
| 2 | 30 |
| 3 | 25 |
| 4 | 20 |
| 5 | 15 |
| 6 | 10 |

54. ਹੇਠਲੀ ਸੂਚੀ ਤੋਂ ਔਸਤ ਲਾਗਤ ਪਤਾ ਕਰੋ।

| ਉਤਪਾਦਨ ਦੀਆਂ ਇਕਾਈਆਂ | ਕੁੱਲ ਲਾਗਤ |
|---|---|
| 1 | 110 |
| 2 | 140 |
| 3 | 180 |
| 4 | 230 |
| 5 | 290 |
| 6 | 360 |

55. ਹੇਠ ਲਿਖੀ ਸਾਰਨੀ ਨੂੰ ਪੂਰਾ ਕਰੋ;

| ਵੇਚੀਆਂ ਇਕਾਈਆਂ | ਸੀਮਾਂਤ ਲਾਗਤ | ਕੁੱਲ ਲਾਗਤ |
|---|---|---|
| 1 | 35 | |
| 2 | 30 | |
| 3 | 25 | |
| 4 | 20 | |
| 5 | 15 | |

56. ਸੀਮਾਂਤ ਆਮਦਨ ਦਾ ਵਰਨਣ ਕਰੋ।

57. ਸੀਮਾਂਤ ਆਮਦਨ ਵਕਰ ਕਦੋਂ ਰਿਣਾਤਮਿਕ ਹੁੰਦੀ ਹੈ?

58. ਏਕਾਧਿਕਾਰ ਫਰਮ ਦਾ MR ਵਕਰ AR ਵਕਰ ਤੋਂ ਘੱਟ ਕਿਉਂ ਹੁੰਦਾ ਹੈ ?

59. ਹੇਠ ਲਿਖੀ ਸਾਰਨੀ ਨੂੰ ਪੂਰਾ ਕਰੋ;

| ਵੇਚੀਆਂ ਇਕਾਈਆਂ | ਕੁੱਲ ਆਮਦਨ | ਔਸਤ ਆਮਦਨ |
|---|---|---|
| 1 | 12 | |
| 2 | 26 | |
| 3 | 36 | |
| 4 | 48 | |
| 5 | 50 | |

60. ਹੇਠ ਲਿਖੀ ਸਾਰਣੀ ਨੂੰ ਪੂਰਾ ਕਰੋ;

| ਵੇਚੀਆਂ ਇਕਾਈਆਂ | ਕੁੱਲ ਆਮਦਨ | ਔਸਤ ਆਮਦਨ |
|---|---|---|
| 1 | 8 | |
| 2 | 20 | |
| 3 | 36 | |
| 4 | 56 | |
| 5 | 80 | |

61. ਉਤਪਾਦਕ ਕੌਣ ਹੁੰਦਾ ਹੈ?
62. ਉਤਪਾਦਕ ਦੇ ਸੰਤੁਲਨ ਦਾ ਕੀ ਅਰਥ ਹੈ?
63. ਕੁੱਲ ਲਾਭ ਅਤੇ ਸ਼ੁੱਧ ਲਾਭ ਵਿੱਚ ਅੰਤਰ ਸਪੱਸ਼ਟ ਕਰੋ।
64. ਇੱਕ ਪ੍ਰਤਿਯੋਗੀ ਫਰਮ ਦੇ ਲਈ ਉਤਪਾਦਕ ਦੇ ਸੰਤੁਲਨ ਦੀਆਂ ਦੋ ਸ਼ਰਤਾਂ ਦੱਸੋ।
65. ਸਮਪੱਧਰੀ ਬਿੰਦੂ ਅਤੇ ਉਤਪਾਦਨ ਬੰਦ ਕਰਨ ਵਾਲ਼ੇ ਬਿੰਦੂ ਵਿੱਚ ਅੰਤਰ ਸਪਸ਼ਟ ਕਰੋ।
66. ਬਜ਼ਾਰ ਨੂੰ ਪਰਿਭਾਸ਼ਿਤ ਕਰੋ।
67. ਏਕਾਧਿਕਾਰ ਕੀ ਹੈ?
68. ਸ਼ੁੱਧ ਪ੍ਰਤਿਯੋਗਤਾ ਨੂੰ ਪਰਿਭਾਸ਼ਿਤ ਕਰੋ।
69. ਕੀਮਤ ਵਿਭੇਦ ਤੋਂ ਕੀ ਭਾਵ ਹੈ?
70. ਵਪਾਰ-ਗੁੱਟ ਕੀ ਹੈ?
71. ਪੇਟੈਂਟ ਅਧਿਕਾਰ ਕੀ ਹੈ? ਪੇਟੈਂਟ ਅਧਿਕਾਰ ਦੇਣ ਦਾ ਕੀ ਉਦੇਸ਼ ਹੈ?
72. ਸੰਤੁਲਨ ਤੋਂ ਕੀ ਭਾਵ ਹੈ?
73. ਉਚਤਮ ਕੀਮਤ ਤੋਂ ਕੀ ਭਾਵ ਹੈ?
74. ਨਿਊਨਤਮ ਕੀਮਤ ਤੋਂ ਕੀ ਭਾਵ ਹੈ?
75. ਮੰਗ ਵਿੱਚ ਵਾਧਾ ਅਤੇ ਮੰਗ ਵਿੱਚ ਕਮੀ ਦਾ ਸੰਤੁਲਨ ਕੀਮਤ ਤੇ ਕੀ ਪ੍ਰਭਾਵ ਪੈਂਦਾ ਹੈ?
76. ਅਲਪਕਾਲ ਤੋਂ ਕੀ ਭਾਵ ਹੈ?
77. ਸਮਸ਼ਟੀ ਅਰਥਸ਼ਾਸਤਰ ਦੀ ਪਰਿਭਾਸ਼ਾ ਦਿਓ।ਇਸ ਦੀਆਂ ਮੁੱਖ ਸ਼ਾਖਾਵਾਂ ਦੇ ਨਾਂ ਦੱਸੋ।
78. ਵਿਅਸ਼ਟੀ ਅਤੇ ਸਮਸ਼ਟੀ ਅਰਥਸ਼ਾਸਤਰ ਵਿੱਚ ਅੰਤਰ ਸਪਸ਼ਟ ਕਰੋ।
79. ਸਮੱਸ਼ਟੀ ਅਰਥਸ਼ਾਸਤਰ ਦੇ ਪਰੰਪਰਾਵਾਦੀ ਦ੍ਰਿਸ਼ਟੀਕੋਣ ਦੀ ਸੰਖੇਪ ਵਿੱਚ ਵਿਆਖਿਆ ਕਰੋ।
80. ਸਮੱਸ਼ਟੀ ਅਰਥਸ਼ਾਸਤਰ ਦੇ ਕੇਨਜ਼ੀਅਨ ਦ੍ਰਿਸ਼ਟੀਕੋਣ ਦੀ ਸੰਖੇਪ ਵਿੱਚ ਵਿਆਖਿਆ ਕਰੋ।
81. ਮੁਦਰਾ ਅਤੇ ਆਮਦਨ ਦੇ ਚੱਕਰੀ ਪ੍ਰਵਾਹ ਦੀ ਪਰਿਭਾਸ਼ਾ ਦਿਓ।

82. ਵਾਸਤਵਿਕ ਪ੍ਰਵਾਹ ਦੀ ਪਰਿਭਾਸ਼ਾ ਦਿਓ।

83. ਮੁਦਰਾ ਪ੍ਰਵਾਹ ਦੀ ਪਰਿਭਾਸ਼ਾ ਦਿਓ।

84. ਮੁਦਰਾ ਦੇ ਪ੍ਰਵਾਹ ਨੂੰ ਚੱਕਰੀ ਪ੍ਰਵਾਹ ਕਿਉਂ ਕਹਿੰਦੇ ਹਨ?

85. ਸਟਾਕ ਕੀ ਹੈ?

86. ਪ੍ਰਵਾਹ ਕੀ ਹੈ?

87. ਆਮਦਨ ਦੇ ਚੱਕਰੀ ਪ੍ਰਵਾਹ ਵਿੱਚ ਵਾਪਸੀ ਦੀ ਧਾਰਨਾ ਨੂੰ ਪਰਿਭਾਸ਼ਿਤ ਕਰੋ।

88. ਆਮਦਨ ਦੇ ਚੱਕਰੀ ਪ੍ਰਵਾਹ ਵਿੱਚ ਸਮਾਵੇਸ਼ ਦੀ ਧਾਰਨਾ ਨੂੰ ਪਰਿਭਾਸ਼ਿਤ ਕਰੋ।

89. ਘਰੇਲੂ ਸੀਮਾ ਕੀ ਹੈ?

90. ਨਿੱਜੀ ਆਮਦਨ ਨੂੰ ਪਰਿਭਾਸ਼ਿਤ ਕਰੋ।

91. ਵਿਅਕਤੀਗਤ ਆਮਦਨ ਨੂੰ ਪਰਿਭਾਸ਼ਿਤ ਕਰੋ।

92. ਰਾਸ਼ਟਰੀ ਆਮਦਨ ਤੋਂ ਘਰੇਲੂ ਸਾਧਨ ਆਮਦਨ ਕਿਸ ਸਮੇਂ ਵੱਧ ਹੋਵੇਗੀ?

93. ਸਕਲ ਘਰੇਲੂ ਆਮਦਨ ,ਰਾਸ਼ਟਰੀ ਆਮਦਨ ਦੇ ਕਿਸ ਸਮੇਂ ਬਰਾਬਰ ਹੋਵੇਗੀ?

94. ਮੁੱਲ ਵਾਧਾ ਵਿਧੀ ਤੋਂ ਕੀ ਭਾਵ ਹੈ?

95. ਆਮਦਨ ਵਿਧੀ ਤੋਂ ਕੀ ਭਾਵ ਹੈ?

96. ਖ਼ਰਚ ਵਿਧੀ ਤੋਂ ਕੀ ਭਾਵ ਹੈ?

97. ਹੇਠ ਲਿਖੀ ਸੂਚਨਾ ਤੋਂ ਉਤਪਾਦਨ ਦਾ ਮੁੱਲ ਪਤਾ ਕਰੋ;

| ਮਦਾਂ | ਰੁ: ਕਰੋੜ |
|---|---|
| (i) ਵਿਕਰੀ | 7000 |
| (ii) ਸ਼ੁਰੂ ਵਿੱਚ ਸਟਾਕ | 1200 |
| (iii) ਅੰਤ ਵਿੱਚ ਸਟਾਕ | 3000 |

98. ਹੇਠ ਦਿੱਤੇ ਅੰਕੜਿਆਂ ਤੋਂ ਮੁੱਲ ਵਾਧਾ ਗਿਆਤ ਕਰੋ;

| ਮਦਾਂ | (ਰੁ: ਕਰੋੜ) |
|---|---|
| (i) ਉਤਪਾਦਨ ਦਾ ਮੁੱਲ | 25,000 |
| (ii) ਮੱਧਵਰਤੀ ਉਪਭੋਗ | 3000 |
| (iii) ਸਥਿਰ ਪੂੰਜੀ ਦਾ ਉਪਭੋਗ | 600 |

98 ਸਵੈਚਾਲਿਤ ਨਿਵੇਸ਼ ਕਿਸ ਨੂੰ ਕਹਿੰਦੇ ਹਨ?

99. ਪ੍ਰੇਰਿਤ ਨਿਵੇਸ਼ ਕਿਸ ਨੂੰ ਕਹਿੰਦੇ ਹਨ?

100. ਪੂਰਨ ਰੁਜ਼ਗਾਰ ਕੀ ਹੈ?

101. ਅਣਇੱਛੁਕ ਬੇਰੁਜ਼ਗਾਰੀ ਨੂੰ ਪਰਿਭਾਸ਼ਿਤ ਕਰੋ।

102. ਔਸਤ ਉਪਭੋਗ ਪ੍ਰਵਿਰਤੀ ਤੋਂ ਕੀ ਭਾਵ ਹੈ?

103. MPC ਅਤੇ MPS ਵਿੱਚ ਸੰਬੰਧਾਂ ਦੀ ਵਿਆਖਿਆ ਕਰੋ।

104. APC ਅਤੇ APS ਵਿੱਚ ਸੰਬੰਧਾਂ ਦੀ ਵਿਆਖਿਆ ਕਰੋ।

105. ਜੇਕਰ ਔਸਤ ਉਪਭੋਗ ਪ੍ਰਵਿਰਤੀ 0.75 ਹੈ ਤਾਂ ਔਸਤ ਬੱਚਤ ਪ੍ਰਵਿਰਤੀ ਕਿੰਨੀ ਹੋਵੇਗੀ?

106. ਜੇਕਰ ਰਾਸ਼ਟਰੀ ਆਮਦਨ ਰੁ: 2000 ਕਰੋੜ ਹੈ ਅਤੇ ਉਪਭੋਗ ਖ਼ਰਚ ਰੁ: 1600 ਕਰੋੜ ਹੈ ਤਾਂ ਔਸਤ ਉਪਭੋਗ ਪ੍ਰਵਿਰਤੀ ਪਤਾ ਕਰੋ।

107. ਆਮਦਨ ਜਾਂ ਉਤਪਾਦ ਦੇ ਸੰਤੁਲਨ ਪੱਧਰ ਦੀ ਪਰਿਭਾਸ਼ਾ ਦਿਓ।

108. 'ਸੇ' ਦੇ ਬਜ਼ਾਰ ਦੇ ਨਿਯਮ ਦੀ ਵਿਆਖਿਆ ਕਰੋ।

109. ਜੇਕਰ As < AD ਹੁੰਦੀ ਹੈ ਤਾਂ ਸਮਾਯੋਜਨ ਪ੍ਰਨਾਲ਼ੀ ਦੀ ਵਿਆਖਿਆ ਕਰੋ।

110. ਹੇਠ ਲਿਖੀ ਤਾਲਿਕਾ ਦੁਆਰਾ ਕੁੱਲ ਮੰਗ ਅਤੇ ਕੁੱਲ ਪੂਰਤੀ ਦੀ ਗਣਨਾ ਕਰੋ;

| Y | C | I | AD | AS |
|---|---|---|---|---|
| 0 | 100 | 25 | | |
| 200 | 150 | 25 | | |
| 400 | 200 | 25 | | |
| 500 | 250 | 25 | | |
| 600 | 300 | 25 | | |

111. ਗੁਣਕ ਕੀ ਹੈ?
112. ਸੀਮਾਂਤ ਉਪਭੋਗ ਪ੍ਰਵਿਰਤੀ ਅਤੇ ਗੁਣਕ ਵਿੱਚ ਸੰਬੰਧ ਦੱਸੋ।
113. ਸੀਮਾਂਤ ਬੱਚਤ ਪ੍ਰਵਿਰਤੀ ਅਤੇ ਗੁਣਕ ਵਿੱਚ ਸੰਬੰਧ ਦੱਸੋ।
114. ਜੇਕਰ MPC $\frac{4}{5}$ ਹੈ ਤਾਂ ਗੁਣਕ (K) ਦੇ ਮੁੱਲ ਦੀ ਗਣਨਾ ਕਰੋ।
115. ਜੇਕਰ ਸੀਮਾਂਤ ਉਪਭੋਗ ਪ੍ਰਵਿਰਤੀ (MPC) 0.5 ਹੈ ਤਾਂ ਗੁਣਕ ਦਾ ਕੀ ਮੁੱਲ ਹੋਵੇਗਾ?
116. ਗੁਣਕ ਪਤਾ ਕਰੋ ਜਦੋਂ MPS=0.5 ਹੈ।
117. ਗੁਣਕ ਪਤਾ ਕਰੋ ਜਦੋਂ MPS=0.8 ਹੈ।
118. ਘੱਟ ਮੰਗ ਕੀ ਹੈ?
119. ਅਤਿ ਅਧਿਕ ਮੰਗ ਕੀ ਹੈ?
120. ਸਫੀਤੀ ਅੰਤਰਾਲ ਦੀ ਪਰਿਭਾਸ਼ਾ ਦਿਓ।
121. ਪ੍ਰਤੱਖ ਅਤੇ ਅਪ੍ਰਤੱਖ ਕਰਾਂ ਵਿੱਚ ਅੰਤਰ ਦੱਸੋ।
122. ਸਸਤੀ ਮੌਦ੍ਰਿਕ ਨੀਤੀ ਅਤੇ ਮਹਿੰਗੀ ਮੌਦ੍ਰਿਕ ਨੀਤੀ ਤੋਂ ਤੁਸੀਂ ਕੀ ਸਮਝਦੇ ਹੋ?
123. ਬੈਂਕ ਦਰ ਕੀ ਹੈ?
124. ਮੁਦਰਾ ਅਤੇ ਨਿਕਟ ਮੁਦਰਾ ਵਿੱਚ ਅੰਤਰ ਸਪਸ਼ਟ ਕਰੋ।
125. ਆਦੇਸ਼ ਮੁਦਰਾ ਕਿਸ ਪ੍ਰਕਾਰ ਨਿਆਸ ਮੁਦਰਾ ਤੋਂ ਭਿੰਨ ਹੈ?
126. ਵਸਤੂ-ਵਸਤੂ ਅਰਥਵਿਵਸਥਾ ਕੀ ਹੈ?
127. ਕੇਂਦਰੀ ਬੈਂਕ ਦੀ ਪਰਿਭਾਸ਼ਾ ਦਿਓ।
128. ਵਪਾਰਿਕ ਬੈਂਕ ਦੀ ਪਰਿਭਾਸ਼ਾ ਦਿਓ।
129. ਮੌਦ੍ਰਿਕ ਨੀਤੀ ਤੋਂ ਕੀ ਭਾਵ ਹੈ?
130. ਆਧੁਨਿਕ ਬੈਂਕਿੰਗ ਦੁਆਰਾ ਉਪਲੱਬਧ ਦੋ ਮੁੱਖ ਸਹੂਲਤਾਂ ਕੀ ਹਨ?
131. ਵਪਾਰਿਕ ਬੈਂਕਾਂ ਦੇ ਦੋ ਪ੍ਰਾਥਮਿਕ ਕਾਰਜਾਂ ਦਾ ਸੰਖੇਪ ਵਰਣਨ ਕਰੋ।
132. ਪ੍ਰਗਤੀਸ਼ੀਲ ਕਰ ਕੀ ਹੈ?
133. ਪ੍ਰਗਤੀਗਾਮੀ ਕਰ ਕੀ ਹੈ?
134. ਪ੍ਰਾਥਮਿਕ ਘਾਟੇ ਤੋਂ ਕੀ ਭਾਵ ਹੈ?
135. ਪ੍ਰਤੱਖ ਕਰ ਦੀ ਪਰਿਭਾਸ਼ਾ ਦਿਓ।
136. ਵਟਾਂਦਰਾ ਦਰ ਦੀ ਪਰਿਭਾਸਾ ਦਿਓ।
137. ਵਟਾਂਦਰਾ ਦੀ ਸਥਿਰ ਦਰ ਤੋਂ ਕੀ ਭਾਵ ਹੈ?
138. ਵਿਦੇਸ਼ੀ ਵਟਾਂਦਰਾ ਕਿਉਂ ਮੰਗਿਆ ਜਾਂਦਾ ਹੈ?
139. ਵਿਦੇਸ਼ੀ ਵਟਾਂਦਰਾ ਬਜ਼ਾਰ ਦੀ ਪਰਿਭਾਸ਼ਾ ਦਿਓ।
140. ਲੋਚਸ਼ੀਲ ਵਟਾਂਦਰਾ ਦਰ ਦੀ ਪਰਿਭਾਸ਼ਾ ਦਿਓ।

141. ਪ੍ਰਤਿਕੂਲ ਭੁਗਤਾਨ ਬਾਕੀ ਦਾ ਅਰਥ ਦੱਸੋ।
142. ਚਾਲੂ ਖਾਤਿਆਂ ਦੀਆਂ ਮਦਾਂ ਕਿਹੜੀਆਂ ਹਨ?
143. ਜਦੋਂ ਵਪਾਰ ਬਾਕੀ(-) ਰੁ: 1200 ਕਰੋੜ ਹੈ।ਨਿਰਯਾਤ ਦਾ ਮੁੱਲ ਰੁ:500 ਕਰੋੜ ਹੈ ਤਾਂ ਆਯਾਤਾਂ ਦਾ ਮੁੱਲ ਪਤਾ ਕਰੋ।
144. ਵਪਾਰ ਬਾਕੀ ਰੁ:800 ਕਰੋੜ ਦਾ ਘਾਟਾ ਦਰਸਾਉਂਦਾ ਹੈ।ਨਿਰਯਾਤ ਦੀ ਕੀਮਤ ਰੁ:900 ਕਰੋੜ ਹੈ।ਆਯਾਤ ਦਾ ਮੁੱਲ ਪਤਾ ਕਰੋ।
145. ਵਪਾਰ ਬਾਕੀ ਰੁ:1600 ਕਰੋੜ ਦਾ ਘਾਟਾ ਦਰਸਾਉਂਦਾ ਹੈ।ਨਿਰਯਾਤ ਦੀ ਕੀਮਤ ਰੁ:1800 ਕਰੋੜ ਹੈ।ਆਯਾਤ ਦਾ ਮੁੱਲ ਪਤਾ ਕਰੋ।

## ਵੱਡੇ ਉੱਤਰਾਂ ਵਾਲੇ ਪ੍ਰਸ਼ਨ

1. ਵਿਅਸ਼ਟੀ ਅਰਥਸ਼ਾਸਤਰ ਤੋਂ ਕੀ ਭਾਵ ਹੈ?ਵਿਅਸ਼ਟੀ ਅਰਥਸ਼ਾਸਤਰ ਦੀ ਢੁਕਵੀਂ ਪਰਿਭਾਸ਼ਾ ਦਿਓ ।
2. ਵਿਅਸ਼ਟੀ ਅਰਥਸ਼ਾਸਤਰ ਦੀਆਂ ਕੋਈ ਚਾਰ ਮਹੱਤਤਾਵਾਂ ਲਿਖੋ।
3. ਵਿਅਸ਼ਟੀ ਅਰਥਸ਼ਾਸਤਰ ਦੀਆਂ ਕੋਈ ਚਾਰ ਸੀਮਾਵਾਂ ਲਿਖੋ।
4. ਆਰਥਿਕ ਪ੍ਰਨਾਲ਼ੀ ਕੀ ਹੁੰਦੀ ? ਇਸ ਦੀਆਂ ਮੁੱਖ ਕਿਸਮਾਂ ਬਾਰੇ ਤੁਸੀਂ ਕੀ ਜਾਣਦੇ ਹੋ ?
5. ਆਰਥਿਕ ਸਮੱਸਿਆ ਤੋਂ ਕੀ ਭਾਵ ਹੈ ? ਆਰਥਿਕ ਸਮੱਸਿਆ ਕਿਵੇਂ ਪੈਦਾ ਹੁੰਦੀ ਹੈ?
6. ਅਰਥਵਿਵਸਥਾ ਦੀਆਂ ਕੇਂਦਰੀ ਸਮੱਸਿਆਵਾਂ ਕੀ ਹਨ? ਇਹ ਕਿਉਂ ਪੈਦਾ ਹੁੰਦੀਆਂ ਹਨ?
7. "ਉਤਪਾਦਨ ਕਿਵੇਂ ਕੀਤਾ ਜਾਵੇ" ਦੀ ਸਮੱਸਿਆ ਦੀ ਵਿਆਖਿਆ ਕਰੋ।
8. ਉਤਪਾਦਨ ਸੰਭਾਵਨਾ ਵਕਰ ਤੋਂ ਕੀ ਭਾਵ ਹੈ? ਤਾਲਿਕਾ ਅਤੇ ਚਿੱਤਰ ਦੁਆਰਾ ਇਸ ਦਾ ਵਿਸ਼ਲੇਸ਼ਣ ਕਰੋ।
9. ਉਤਪਾਦਨ ਸੰਭਾਵਨਾ ਵਕਰ ਮੂਲ ਬਿੰਦੂ ਵੱਲ ਅਵਤਲ(ਨਤੋਦਰ) ਕਿਉਂ ਹੁੰਦੀ ਹੈ?
10. ਸੀਮਾਂਤ ਅਵਸਰ ਲਾਗਤ ਦੀ ਧਾਰਨਾ ਦੀ ਉਦਾਹਰਨ ਸਹਿਤ ਵਿਆਖਿਆ ਕਰੋ।
11. ਸੀਮਾਂਤ ਅਵਸਰ ਲਾਗਤ ਕੀ ਹੈ?ਤਾਲਿਕਾ ਅਤੇ ਚਿੱਤਰ ਦੀ ਸਹਾਇਤਾ ਨਾਲ ਇਸ ਦਾ ਵਿਸ਼ਲੇਸ਼ਣ ਕਰੋ।
12. ਉਪਭੋਗਤਾ ਸੰਤੁਲਨ ਤੋਂ ਕੀ ਭਾਵ ਹੈ?ਕੋਈ ਇੱਕ ਉਦਾਹਰਨ ਦੱਸੋ ।
13. ਤੁਸ਼ਟੀਗੁਣ ਕੀ ਹੈ? ਤੁਸ਼ਟੀਗੁਣ ਦੀਆਂ ਵੱਖ-ਵੱਖ ਧਾਰਨਾਵਾਂ ਕਿਹੜੀਆਂ ਹਨ?
14. ਕੁੱਲ ਤੁਸ਼ਟੀਗੁਣ ਅਤੇ ਸੀਮਾਂਤ ਤੁਸ਼ਟੀਗੁਣ ਤੋਂ ਕੀ ਭਾਵ ਹੈ?
15. ਇੱਕ ਵਸਤੂ ਦੇ ਉਪਭੋਗ ਦੀ ਉਦਾਹਰਣ ਨਾਲ ਉਪਭੋਗਤਾ ਸੰਤੁਲਨ ਦੀ ਵਿਆਖਿਆ ਕਰੋ।
16. ਦੋ ਵਸਤੂਆਂ ਦੇ ਉਪਭੋਗ ਦੀ ਉਦਾਹਰਣ ਨਾਲ ਉਪਭੋਗਤਾ ਸੰਤੁਲਨ ਦੀ ਵਿਆਖਿਆ ਕਰੋ।
17. ਹੇਠ ਲਿਖੀ ਤਾਲਿਕਾ ਨੂੰ ਪੂਰਾ ਕਰੋ;

| ਵਸਤੂ ਦੀਆਂ ਉਪਭੋਗ ਕੀਤੀਆਂ ਇਕਾਈਆਂ | ਕੁੱਲ ਤੁਸ਼ਟੀਗੁਣ (ਯੂਟਿਲ ਵਿੱਚ) | ਸੀਮਾਂਤ ਤੁਸ਼ਟੀਗੁਣ (ਯੂਟਿਲ ਵਿੱਚ) |
|---|---|---|
| 1 | 11 | 11 |
| 2 | ? | 9 |
| 3 | 27 | ? |
| 4 | 34 | ? |
| 5 | 40 | 6 |
| 6 | ? | 5 |
| 7 | 49 | |

18. ਮੰਗ ਕੀ ਹੈ ? ਇਹ ਕਿੰਨੇ ਪ੍ਰਕਾਰ ਦੀ ਹੁੰਦੀ ਹੈ?
19. ਮੰਗ ਸੂਚੀ ਕੀ ਹੈ ? ਵਿਅਕਤੀਗਤ ਮੰਗ ਸੂਚੀ ਦੀ ਵਿਆਖਿਆ ਕਰੋ।
20. ਮੰਗ ਸੂਚੀ ਦੀ ਪਰਿਭਾਸ਼ਾ ਦਿਓ ਅਤੇ ਬਜ਼ਾਰ ਮੰਗ ਸੂਚੀ ਦੀ ਚਰਚਾ ਕਰੋ।

21. ਸੇਬਾਂ ਦੀ ਤਿੰਨ ਉਪਭੋਗਤਾਵਾਂ 'ੳ' 'ਅ' 'ੲ' ਦੁਆਰਾ ਕੀਤੀ ਗਈ ਮੰਗ ਨੂੰ ਹੇਠਾਂ ਲਿਖੀ ਸੂਚੀ ਵਿੱਚ ਦਰਸਾਇਆ ਗਿਆ ਹੈ।ਇਹ ਮੰਨ ਕੇ ਕਿ ਬਜ਼ਾਰ ਵਿੱਚ ਸਿਰਫ਼ ਤਿੰਨ ਹੀ ਉਪਭੋਗਤਾ ਹਨ,ਬਜ਼ਾਰ ਮੰਗ ਪਤਾ ਕਰੋ;

| ਸੇਬਾਂ ਦੀ ਪ੍ਰਤੀ ਇਕਾਈ ਕੀਮਤ | ਉਪਭੋਗਤਾ 'ੳ' ਦੀ ਮੰਗ | ਉਪਭੋਗਤਾ 'ਅ' ਦੀ ਮੰਗ | ਉਪਭੋਗਤਾ 'ੲ' ਦੀ ਮੰਗ |
|---|---|---|---|
| 10 | 20 | 30 | 35 |
| 15 | 17 | 26 | 30 |
| 25 | 15 | 22 | 26 |
| 35 | 13 | 20 | 21 |
| 50 | 10 | 15 | 18 |

22. ਹੇਠ ਲਿਖੀ ਤਾਲਿਕਾ ਤੋਂ 'Y' ਦੀ ਮੰਗ ਸੂਚੀ ਪੂਰੀ ਕਰੋ :

| ਕੀਮਤ(ਰੁ:) | X-ਦੀ ਮੰਗ ਸੂਚੀ (ਮੰਗ ਮੀਟਰਾਂ ਵਿੱਚ) | Y-ਦੀ ਮੰਗ ਸੂਚੀ (ਮੰਗ ਮੀਟਰਾਂ ਵਿੱਚ) | Z-ਦੀ ਮੰਗ ਸੂਚੀ (ਮੰਗ ਮੀਟਰਾਂ ਵਿੱਚ) | ਬਜ਼ਾਰ ਮੰਗ ਸੂਚੀ (ਮੰਗ ਮੀਟਰਾਂ ਵਿੱਚ) |
|---|---|---|---|---|
| 1 | 45 | | 50 | 125 |
| 2 | 30 | | 40 | 95 |
| 3 | 15 | | 20 | 55 |
| 4 | 5 | | 10 | 27 |

23. ਮੰਗ ਵਕਰ ਦੀ ਪਰਿਭਾਸ਼ਾ ਦਿਓ। ਬਜ਼ਾਰ ਮੰਗ ਵਕਰ ਨੂੰ ਸਪਸ਼ਟ ਕਰੋ।
24. ਮੰਗ ਵਕਰ ਖੱਬੇ ਤੋਂ ਸੱਜੇ ਹੇਠਾਂ ਨੂੰ ਕਿਉਂ ਝੁਕਦਾ ਹੈ?
25. ਮੰਗ ਦੇ ਨਿਯਮ ਦੇ ਕਿਹੜੇ-ਕਿਹੜੇ ਅਪਵਾਦ ਹਨ?
26. 'ਮੰਗ ਦਾ ਵਿਸਤਾਰ' ਅਤੇ 'ਮੰਗ ਵਿੱਚ ਵਾਧਾ'. ਵਿੱਚ ਅੰਤਰ ਸਪਸ਼ਟ ਕਰੋ।
27. 'ਮੰਗ ਦਾ ਸੰਕੁਚਨ' ਅਤੇ 'ਮੰਗ ਵਿੱਚ ਕਮੀ' . ਵਿੱਚ ਅੰਤਰ ਸਪਸ਼ਟ ਕਰੋ।
28. ਮੰਗ ਦੀ ਲਚਕ ਦਾ ਅਰਥ ਅਤੇ ਪਰਿਭਾਸ਼ਾ ਲਿਖੋ । ਇਹ ਕਿੰਨੇ ਪ੍ਰਕਾਰ ਦੀ ਹੁੰਦੀ ਹੈ ?
29. ਮੰਗ ਦੀ ਕੀਮਤ ਲਚਕ ਦੀ ਪਰਿਭਾਸ਼ਾ ਦਿਓ।ਮੰਗ ਦੀ ਕੀਮਤ ਲਚਕ ਨੂੰ ਮਾਪਣ ਦੀ ਅਨੁਪਾਤਿਕ ਵਿਧੀ ਦੀ ਵਿਆਖਿਆ ਕਰੋ।
30. ਇੱਕ ਵਸਤੂ ਕੀਮਤ 5 ਰੁ: ਹੋਣ ਤੇ ਮੰਗ 60 ਇਕਾਈਆਂ ਹੈ।ਜੇਕਰ ਕੀਮਤ ਵੱਧ ਕੇ 10 ਰੁ: ਹੋ ਜਾਵੇ ਅਤੇ ਮੰਗ ਘੱਟ ਕੇ 20 ਇਕਾਈਆ ਰਹਿ ਜਾਵੇ ਤਾਂ ਮੰਗ ਦੀ ਕੀਮਤ ਲੋਚ ਪਤਾ ਕਰੋ।
31. ਇੱਕ ਵਸਤੂ ਦੀ ਕੀਮਤ 16 ਰੁ: ਪ੍ਰਤਿ ਇਕਾਈ ਹੋਣ ਤੇ ਇੱਕ ਉਪਭੋਗਤਾ ਵਸਤੂ ਦੀਆਂ 80 ਇਕਾਈਆਂ ਖਰੀਦਦਾ ਹੈ।ਮੰਗ ਦੀ ਲੋਚ 1 ਹੈ।ਉਪਭੋਗਤਾ ਕਿਸ ਕੀਮਤ ਤੇ ਵਸਤੂ ਦੀਆਂ 120 ਇਕਾਈਆਂ ਖਰੀਦੇਗਾ?
32. ਇੱਕ ਵਸਤੂ ਦੀ ਕੀਮਤ 8 ਰੁਪਏ ਪ੍ਰਤੀ ਇਕਾਈ ਹੋਣ ਤੇ ਇੱਕ ਉਪਭੋਗਤਾ ਵਸਤੂ ਦੀਆਂ 40 ਇਕਾਈਆਂ ਦੀ ਖ਼ਰੀਦ ਕਰਦਾ ਹੈ।ਮੰਗ ਦੀ ਲੋਚ -2 ਹੈ। ਉਪਭੋਗਤਾ ਕਿਸ ਕੀਮਤ ਤੇ ਵਸਤੂ ਦੀਆਂ 60 ਇਕਾਈਆਂ ਖਰੀਦੇਗਾ।
33. ਉਤਪਾਦਨ ਫਲਨ ਕੀ ਹੈ?
34. ਉਤਪਾਦਨ ਫਲਨ ਦੀਆਂ ਵੱਖ-ਵੱਖ ਕਿਸਮਾਂ ਦੀ ਸੰਖੇਪ ਵਿੱਚ ਚਰਚਾ ਕਰੋ।
35. ਘੱਟਦੇ-ਵੱਧਦੇ ਅਨੁਪਾਤ ਦਾ ਨਿਯਮ ਕੀ ਹੈ?

36. ਪੈਮਾਨੇ ਦੇ ਪ੍ਰਤਿਫਲ ਤੋਂ ਕੀ ਭਾਵ ਹੈ?

37. ਘੱਟਦੇ ਪ੍ਰਤੀਫਲ ਦੇ ਨਿਯਮ ਦੀ ਚਿੱਤਰ ਸਹਿਤ ਵਿਆਖਿਆ ਕਰੋ।

38. ਪੂਰਤੀ ਦੀ ਤੋਂ ਕੀ ਭਾਵ ਹੈ? ਪੂਰਤੀ ਦੀਆਂ ਕਿੰਨੀਆਂ ਕਿਸਮਾਂ ਹਨ?

39. ਪੂਰਤੀ ਅਤੇ ਸਟਾਕ ਦੇ ਅੰਤਰ ਨੂੰ ਉਦਾਹਰਣ ਸਹਿਤ ਸਪਸ਼ਟ ਕਰੋ।

40. ਪੂਰਤੀ ਵਕਰ ਕੀ ਹੈ? ਬਜ਼ਾਰ ਪੂਰਤੀ ਵਕਰ ਸਪਸ਼ਟ ਕਰੋ।

41. ਕੀਮਤ ਵਿੱਚ ਪਰਿਵਰਤਨ ਹੋਣ ਕਰਕੇ ਪੂਰਤੀ ਵਿੱਚ ਹੋਣ ਵਾਲੇ ਪਰਿਵਰਤਨਾਂ ਦੀ ਵਿਆਖਿਆ ਕਰੋ।

42. ਪੂਰਤੀ ਵਿੱਚ ਵਾਧੇ ਦੇ ਕਾਰਨ ਲਿਖੋ।

43. ਰੇਖਾ-ਚਿੱਤਰ ਦੀ ਸਹਾਇਤਾ ਨਾਲ਼ 'ਪੂਰਤੀ ਦਾ ਵਿਸਤਾਰ' ਅਤੇ 'ਪੂਰਤੀ ਦਾ ਵਾਧਾ' ਧਾਰਨਾ ਦੀ ਵਿਆਖਿਆ ਕਰੋ।

44. ਪੂਰਤੀ ਦੀ ਕੀਮਤ ਲਚਕ ਤੋਂ ਤੁਸੀਂ ਕੀ ਸਮਝਦੇ ਹੋ?

45. ਪੂਰਤੀ ਦੀ ਕੀਮਤ ਲਚਕ ਦੀਆਂ ਕਿਸਮਾਂ ਦਾ ਸੰਖੇਪ ਵਰਨਣ ਕਰੋ।

46. ਪੂਰਤੀ ਦੀ ਕੀਮਤ ਲਚਕ ਦੇ ਮਾਪ ਦੀਆਂ ਵੱਖ-ਵੱਖ ਵਿਧੀਆਂ ਦੀ ਸੰਖੇਪ ਵਿਆਖਿਆ ਕਰੋ।

47. ਪੂਰਤੀ ਦੀ ਕੀਮਤ ਲਚਕ ਨੂੰ ਪ੍ਰਭਾਵਿਤ ਕਰਨ ਵਾਲ਼ੇ ਤੱਤਾਂ ਦੀ ਸੰਖੇਪ ਵਿਆਖਿਆ ਕਰੋ।

48. ਜਦੋਂ ਵਸਤੂ ਦੀ ਕੀਮਤ 5 ਰੁਪਏ ਤੋਂ ਵੱਧ ਕੇ 6ਰੁ: ਪ੍ਰਤੀ ਇਕਾਈ ਹੋ ਜਾਂਦੀ ਹੈ ਅਤੇ ਪੂਰਤੀ 400 ਇਕਾਈਆਂ ਤੋਂ ਵੱਧ ਕੇ 500 ਇਕਾਈਆਂ ਹੋ ਜਾਂਦੀ ਹੈ ਤਾਂ ਪੂਰਤੀ ਦੀ ਕੀਮਤ ਲੋਚ ਪਤਾ ਕਰੋ।

49. ਇੱਕ ਵਸਤੂ ਦੀ ਕੀਮਤ 40ਰੁ: ਪ੍ਰਤਿ ਇਕਾਈ ਤੋਂ ਘੱਟ ਕੇ 20 ਰੁ: ਪ੍ਰਤੀ ਇਕਾਈ ਹੋ ਜਾਂਦੀ ਹੈ ,ਜਿਸ ਦੇ ਕਾਰਨ ਵਸਤੂ ਦੀ ਪੂਰਤੀ 400 ਇਕਾਈਆਂ ਤੋਂ ਘੱਟ ਕੇ 200 ਇਕਾਈਆਂ ਹੋ ਜਾਂਦੀ ਹੈ।ਪੂਰਤੀ ਦੀ ਕੀਮਤ ਲਚਕ ਦੀ ਗਣਨਾ ਕਰੋ।

50. ਅਵਸਰ ਲਾਗਤ ਦੀ ਧਾਰਨਾ ਦੀ ਚਿੱਤਰ ਸਹਿਤ ਵਿਆਖਿਆ ਕਰੋ।

51. ਸਥਿਰ ਲਾਗਤ ਦੀ ਧਾਰਨਾ ਦੀ ਸੂਚੀ ਅਤੇ ਚਿੱਤਰ ਸਹਿਤ ਵਿਆਖਿਆ ਕਰੋ।

52. ਪਰਿਵਰਤਨਸ਼ੀਲ ਲਾਗਤ ਦੀ ਧਾਰਨਾ ਦੀ ਸੂਚੀ ਅਤੇ ਚਿੱਤਰ ਸਹਿਤ ਵਿਆਖਿਆ ਕਰੋ।

53. ਕੁੱਲ ਲਾਗਤ , ਔਸਤ ਲਾਗਤ ਅਤੇ ਸੀਮਾਂਤ ਲਾਗਤ ਤੋਂ ਕੀ ਭਾਵ ਹੈ?

54. ਇੱਕ ਫ਼ਰਮ ਦੀ ਸਥਿਰ ਲਾਗਤ 10 ਰੁਪਏ ਹੈ।ਜੇਕਰ ਹੇਠ ਲਿਖੀ ਜਾਣਕਾਰੀ ਉਪਲਬਧ ਹੋਵੇ ਤਾਂ ਔਸਤ ਪਰਿਵਰਤਨਸ਼ੀਲ ਲਾਗਤ ,ਔਸਤ ਲਾਗਤ ਅਤੇ ਸੀਮਾਂਤ ਲਾਗਤ ਪਤਾ ਕਰੋ।

| ਉਤਪਾਦਨ ਦੀਆਂ ਇਕਾਈਆਂ | ਕੁੱਲ ਲਾਗਤ (TC) | ਔਸਤ ਲਾਗਤ | ਸੀਮਾਂਤ ਲਾਗਤ |
|---|---|---|---|
| 1 | 35 | | |
| 2 | 45 | | |
| 3 | 50 | | |
| 4 | 60 | | |
| 5 | 75 | | |
| 6 | 95 | | |
| 7 | 120 | | |

55. ਇੱਕ ਫ਼ਰਮ ਦੀ ਕੁੱਲ ਲਾਗਤ ਅਨੁਸੂਚੀ ਹੇਠਾਂ ਦਰਜ ਹੈ। ਉਤਪਾਦਨ ਦੇ ਹਰੇਕ ਪੱਧਰ ਤੇ ਔਸਤ ਸਥਿਰ ਲਾਗਤ ਅਤੇ ਸੀਮਾਂਤ ਲਾਗਤ ਪਤਾ ਕਰੋ।

| ਉਤਪਾਦਨ ਦੀਆਂ ਇਕਾਈਆਂ | ਕੁੱਲ ਲਾਗਤ | ਔਸਤ ਸਥਿਰ ਲਾਗਤ | ਸੀਮਾਂਤ ਲਾਗਤ |
|---|---|---|---|
| 0 | 90 | | |
| 1 | 120 | | |
| 2 | 145 | | |
| 3 | 175 | | |

56. ਆਮਦਨ ਦਾ ਅਰਥ ਅਤੇ ਪਰਿਭਾਸ਼ਾ ਲਿਖੋ।

57. ਆਮਦਨ ਦੀਆਂ ਵੱਖ-ਵੱਖ ਧਾਰਨਾਵਾਂ ਦੀ ਵਿਆਖਿਆ ਕਰੋ ।

58. ਆਮਦਨ ਦੀਆਂ ਧਾਰਨਾਵਾਂ ਦੀ ਮਹੱਤਤਾ ਦੱਸੋ।

59. ਕੁੱਲ ਆਮਦਨ,ਔਸਤ ਆਮਦਨ ਅਤੇ ਸੀਮਾਂਤ ਆਮਦਨ ਤੋਂ ਕੀ ਭਾਵ ਹੈ?

60. ਪੂਰਨ ਮੁਕਾਬਲੇ ਦੀ ਸਥਿਤੀ ਵਿੱਚ ਆਮਦਨ ਵਕਰ ਕਿਸ ਆਕਾਰ ਦੀ ਹੁੰਦੀ ਹੈ? ਵਿਆਖਿਆ ਕਰੋ।

61. ਏਕਾਧਿਕਾਰ ਵਿੱਚ ਆਮਦਨ ਵਕਰ ਰਿਣਾਤਮਿਕ ਅਤੇ ਤਿਰਛੀ ਢਲਾਣ ਵਾਲ਼ੀ ਹੁੰਦੀ ਹੈ, ਸਪੱਸ਼ਟ ਕਰੋ।

62. ਹੇਠ ਲਿਖੀ ਤਾਲਿਕਾ ਤੋਂ ਔਸਤ ਆਮਦਨ ਅਤੇ ਸੀਮਾਂਤ ਆਮਦਨ ਦੀ ਗਣਨਾ ਕਰੋ।

| ਵਸਤੂ ਦੀ ਵੇਚੀ ਗਈ ਮਾਤਰਾ(ਇਕਾਈਆਂ ਵਿੱਚ) | ਕੁੱਲ ਆਮਦਨ (ਰੁ:) | ਔਸਤ ਆਮਦਨ | ਸੀਮਾਂਤ ਆਮਦਨ (ਰੁ:) |
|---|---|---|---|
| 1 | 20 | | |
| 2 | 40 | | |
| 3 | 60 | | |
| 4 | 80 | | |
| 5 | 100 | | |
| 6 | 120 | | |

63. ਹੇਠ ਲਿਖੀ ਤਾਲਿਕਾ ਤੋਂ ਕੁੱਲ ਆਮਦਨ ਦੀ ਗਣਨਾ ਕਰੋ।

| ਵਸਤੂ ਦੀ ਵੇਚੀ ਗਈ ਮਾਤਰਾ(ਇਕਾਈਆਂ ਵਿੱਚ) | ਸੀਮਾਂਤ ਆਮਦਨ (ਰੁ:) | ਕੁੱਲ ਆਮਦਨ |
|---|---|---|
| 1 | 20 | |
| 2 | 20 | |
| 3 | 20 | |
| 4 | 20 | |
| 5 | 20 | |
| 6 | 20 | |

64. ਉਤਪਾਦਕ ਤੋਂ ਕੀ ਸਮਝਦੇ ਹੋ ? ਉਤਪਾਦਕ ਦਾ ਸੰਤੁਲਨ ਕੀ ਹੈ?

65. ਪੂਰਨ ਮੁਕਾਬਲੇ ਤੋਂ ਕੀ ਭਾਵ ਹੈ? ਇਸ ਦੀਆਂ ਵਿਸ਼ੇਸ਼ਤਾਵਾਂ ਸੰਖੇਪ ਵਿੱਚ ਦੱਸੋ।

66. ਏਕਾਧਿਕਾਰ ਤੋਂ ਕੀ ਭਾਵ ਹੈ? ਇਸ ਦੀਆਂ ਵਿਸ਼ੇਸ਼ਤਾਵਾਂ ਸੰਖੇਪ ਵਿੱਚ ਦੱਸੋ।

67. ਏਕਾਧਿਕਾਰ ਮੁਕਾਬਲੇ (ਅਪੂਰਨ ਮੁਕਾਬਲੇ)ਤੋਂ ਕੀ ਭਾਵ ਹੈ? ਇਸ ਦੀਆਂ ਮੁੱਖ ਵਿਸ਼ੇਸ਼ਤਾਵਾਂ ਕਿਹੜੀਆਂ-ਕਿਹੜੀਆਂ ਹਨ ?

68. ਪੂਰਨ ਪ੍ਰਤਿਯੋਗਤਾ ਅਤੇ ਏਕਾਧਿਕਾਰ ਵਿੱਚ ਅੰਤਰ ਸਪੱਸ਼ਟ ਕਰੋ।

69. ਪੂਰਨ ਪ੍ਰਤੀਯੋਗਤਾ ਅਤੇ ਏਕਾਧਿਕਾਰ ਪ੍ਰਤਿਯੋਗਤਾ ਵਿੱਚ ਅੰਤਰ ਸਪਸ਼ਟ ਕਰੋ।

70. ਸੰਤੁਲਨ ਕੀਮਤ ਤੋਂ ਕੀ ਭਾਵ ਹੈ?

71. ਪੂਰਨ ਪ੍ਰਤਿਯੋਗਤਾ ਦੀ ਅਵਸਥਾ ਵਿੱਚ ਸੰਤੁਲਨ ਕੀਮਤ ਕਿਵੇਂ ਨਿਰਧਾਰਿਤ ਹੁੰਦੀ ਹੈ?

72. ਮੰਗ ਵਿੱਚ ਵਾਧਾ ਸੰਤੁਲਨ ਕੀਮਤ ਨੂੰ ਕਿਵੇਂ ਪ੍ਰਭਾਵਿਤ ਕਰਦਾ ਹਨ?ਵਿਆਖਿਆ ਕਰੋ।

73. ਮੰਗ ਕਮੀ ਦਾ ਸੰਤੁਲਨ ਕੀਮਤ ਉੱਪਰ ਕੀ ਪ੍ਰਭਾਵ ਪੈਂਦਾ ਹੈ?

74. ਪੂਰਤੀ ਵਿੱਚ ਵਾਧੇ ਦਾ ਸੰਤੁਲਨ ਕੀਮਤ ਉੱਪਰ ਕੀ ਪ੍ਰਭਾਵ ਪੈਂਦਾ ਹੈ?

75. ਪੂਰਤੀ ਵਿੱਚ ਕਮੀ ਦਾ ਸੰਤੁਲਨ ਕੀਮਤ ਉੱਪਰ ਕੀ ਪ੍ਰਭਾਵ ਪੈਂਦਾ ਹੈ?

76. ਸਮਸ਼ਟੀ ਅਰਥਸ਼ਾਸਤਰ ਤੋਂ ਕੀ ਭਾਵ ਹੈ?

77. ਆਮਦਨ ਦੇ ਚੱਕਰੀ ਪ੍ਰਵਾਹ ਕੀ ਹਨ?

78. ਵਾਸਤਵਿਕ ਪ੍ਰਵਾਹ ਅਤੇ ਮੁਦਰਿਕ ਪ੍ਰਵਾਹ ਦਾ ਅੰਤਰ ਸਪਸ਼ਟ ਕਰੋ।

79. ਆਮਦਨ ਦੇ ਚੱਕਰੀ ਪ੍ਰਵਾਹ ਦੇ ਤਿੰਨ-ਖੇਤਰੀ ਮਾਡਲ ਦੀ ਸੰਖੇਪ ਵਿੱਚ ਵਿਆਖਿਆ ਕਰੋ।

80. ਹੇਠਾਂ ਦਿੱਤੇ ਗਏ ਅੰਕੜਿਆਂ ਤੋਂ ਸਾਧਨ ਲਾਗਤ ਤੇ ਸ਼ੁੱਧ ਘਰੇਲੂ ਉਤਪਾਦ ਪਤਾ ਕਰੋ;

| ਮਦਾਂ | ਕਰੋੜ ਰੁ; |
|---|---|
| (ੳ) ਬਜ਼ਾਰ ਕੀਮਤ ਤੇ ਕੁੱਲ ਘਰੇਲੂ ਉਤਪਾਦ | 800 |
| (ਅ) ਘਿਸਾਵਟ | 75 |
| (ੲ) ਅਪ੍ਰਤੱਖ ਕਰ | 25 |
| (ਸ) ਆਰਥਿਕ ਸਹਾਇਤਾ | 10 |

81. ਰਾਸ਼ਟਰੀ ਆਮਦਨ ਕੀ ਹੈ?
82. ਸਟਾਕ ਅਤੇ ਪ੍ਰਵਾਹ ਵਿੱਚ ਅੰਤਰ ਸਪੱਸ਼ਟ ਕਰੋ।
83. ਰਾਸ਼ਟਰੀ ਆਮਦਨ ਦੀਆਂ ਵਿਸ਼ੇਸ਼ਤਾਵਾਂ ਦੱਸੋ।
84. ਰਾਸ਼ਟਰੀ ਖ਼ਰਚਣਯੋਗ ਆਮਦਨ ਕੀ ਹੈ?
85. ਨਿੱਜੀ ਆਮਦਨ ਕੀ ਹੈ? ਵਿਆਖਿਆ ਕਰੋ।
86. ਵਿਅਕਤੀਗਤ ਆਮਦਨ ਕੀ ਹੈ ?ਚਰਚਾ ਕਰੋ।
87. ਵਿਅਕਤੀਗਤ ਖਰਚਾਯੋਗ ਆਮਦਨ ਤੋਂ ਤੁਸੀਂ ਕੀ ਸਮਝਦੇ ਹੋ?
88. ਹੇਠਾਂ ਦਿੱਤੇ ਗਏ ਅੰਕੜਿਆਂ ਤੋਂ ਸਾਧਨ ਲਾਗਤ ਤੇ ਸ਼ੁੱਧ ਘਰੇਲੂ ਉਤਪਾਦ ਪਤਾ ਕਰੋ;

| | ਮਦਾਂ | ਕਰੋੜ ਰੁ; |
|---|---|---|
| (ੳ) | ਬਜ਼ਾਰ ਕੀਮਤ ਤੇ ਕੁੱਲ ਘਰੇਲੂ ਉਤਪਾਦ | 650 |
| (ਅ) | ਘਿਸਾਵਟ | 65 |
| (ੲ) | ਅਪ੍ਰਤੱਖ ਕਰ | 75 |
| (ਸ) | ਆਰਥਿਕ ਸਹਾਇਤਾ | 15 |

89. ਹੇਠਾਂ ਦਿੱਤੇ ਗਏ ਅੰਕੜਿਆਂ ਤੋਂ ਗਣਨਾ ਕਰੋ;
(ੳ) ਬਜਾਰ ਕੀਮਤ ਤੇ ਸਕਲ ਘਰੇਲੂ ਉਤਪਾਦ
(ਅ) ਨਿੱਜੀ ਆਮਦਨ
(ੲ) ਵਿਅਕਤੀਗਤ ਆਮਦਨ

| | ਮਦਾਂ | ਕਰੋੜ ਰੁ; |
|---|---|---|
| (ੳ) | ਸਾਧਨ ਲਾਗਤ ਤੇ ਕੁੱਲ ਘਰੇਲੂ ਉਤਪਾਦ | 1200 |
| (ਅ) | ਵਿਦੇਸ਼ਾਂ ਤੋਂ ਸ਼ੁੱਧ ਸਾਧਨ ਆਮਦਨ | (-)100 |
| (ੲ) | ਸ਼ੁੱਧ ਅਪ੍ਰਤੱਖ ਕਰ | 400 |
| (ਸ) | ਨਿੱਜੀ ਖੇਤਰ ਨੂੰ ਘਰੇਲੂ ਉਤਪਾਦ ਤੋਂ ਆਮਦਨ | 800 |
| (ਹ) | ਸਰਕਾਰੀ ਪ੍ਰਸ਼ਾਸਨਿਕ ਵਿਭਾਗਾਂ ਵੱਲੋਂ ਸ਼ੁੱਧ ਚਾਲੂ ਹਸਤਾਂਤਰਨ | 300 |
| (ਕ) | ਬਾਕੀ ਵਿਸ਼ਵ ਤੋਂ ਸ਼ੁੱਧ ਚਾਲੂ ਹਸਤਾਂਤਰਨ | 200 |
| (ਖ) | ਨਿੱਜੀ ਨਿਗਮ ਖੇਤਰ ਦੀ ਬੱਚਤ | 200 |
| (ਗ) | ਕਾਰਪੋਰੇਟ ਟੈਕਸ | 100 |

90. ਹੇਠਾਂ ਦਿੱਤੇ ਗਏ ਅੰਕੜਿਆਂ ਤੋਂ ਕੁੱਲ ਰਾਸ਼ਟਰੀ ਖਰਚਣਯੋਗ ਆਮਦਨ ਦੀ ਗਣਨਾ ਕਰੋ;

| | ਮਦਾਂ | ਕਰੋੜ ਰੁ; |
|---|---|---|
| (ੳ) | ਰਾਸ਼ਟਰੀ ਆਮਦਨ | 2000 |
| (ਅ) | ਵਿਦੇਸ਼ਾਂ ਤੋਂ ਸ਼ੁੱਧ ਸਾਧਨ ਆਮਦਨ | (–)50 |
| (ੲ) | ਸਥਾਈ ਪੂੰਜੀ ਦਾ ਉਪਭੋਗ | 200 |
| (ਸ) | ਬਾਕੀ ਵਿਸ਼ਵ ਤੋਂ ਸ਼ੁੱਧ ਚਾਲੂ ਹਸਤਾਂਤਰਨ | 150 |
| (ਹ) | ਸ਼ੁੱਧ ਅਪ੍ਰਤੱਖ ਕਰ | 250 |

91. ਬਜਾਰ ਕੀਮਤ ਤੇ ਸਕਲ ਘਰੇਲੂ ਉਤਪਾਦ ਅਤੇ ਸਾਧਨ ਲਾਗਤ ਤੇ ਸਕਲ ਘਰੇਲੂ ਉਤਪਾਦ ਵਿੱਚ ਅੰਤਰ ਸਪਸ਼ਟ ਕਰੋ।
92. ਕੁੱਲ ਮੰਗ ਕੀ ਹੈ? ਇਸ ਦੇ ਮੁੱਖ ਤੱਤ ਕਿਹੜੇ ਹਨ?
93. ਕੁੱਲ ਪੂਰਤੀ ਤੋਂ ਕੀ ਭਾਵ ਹੈ? ਇਸ ਦੇ ਮੁੱਖ ਤੱਤ ਕਿਹੜੇ ਹਨ?
94. ਉਪਭੋਗ ਫਲਨ ਦੀ ਧਾਰਨਾ ਨੂੰ ਸਪਸ਼ਟ ਕਰੋ।
95. ਚਿੱਤਰ ਦੀ ਸਹਾਇਤਾ ਨਾਲ਼ ਕੁੱਲ ਮੰਗ ਵਕਰ ਅਤੇ ਕੁੱਲ ਪੂਰਤੀ ਵਕਰ ਦੀ ਵਿਆਖਿਆ ਕਰੋ।
96. ਔਸਤ ਉਪਭੋਗ ਪ੍ਰਵਿਰਤੀ (APC) ਅਤੇ ਸੀਮਾਂਤ ਉਪਭੋਗ ਪ੍ਰਵਿਰਤੀ (MPC) ਕੀ ਹੈ? ਚਿੱਤਰ ਦੀ ਸਹਾਇਤਾ ਨਾਲ ਵਿਆਖਿਆ ਕਰੋ।
97. ਸੀਮਾਂਤ ਬੱਚਤ ਪ੍ਰਵਿਰਤੀ ਅਤੇ ਸੀਮਾਂਤ ਉਪਭੋਗ ਪ੍ਰਵਿਰਤੀ ਦੇ ਸੰਬੰਧਾਂ ਦੀ ਵਿਆਖਿਆ ਕਰੋ।
98. ਸੀਮਾਂਤ ਉਪਭੋਗ ਪ੍ਰਵਿਰਤੀ (MPC) ਕੀ ਹੈ? ਇਹ ਅਰਥਵਿਵਸਥਾ ਵਿੱਚ ਆਮਦਨ ਦੇ ਪੱਧਰ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ?
99. ਪ੍ਰਭਾਵੀ ਮੰਗ ਤੋਂ ਕੀ ਭਾਵ ਹੈ?ਕੁੱਲ ਮੰਗ ਅਤੇ ਕੁੱਲ ਪੂਰਤੀ ਤੇ ਚਰਚਾ ਕਰੋ।
100. ਪੂੰਜੀ ਦੀ ਸੀਮਾਂਤ ਕੁਸ਼ਲਤਾ ਦੀ ਵਿਆਖਿਆ ਕਰੋ।
101. ਨਿਵੇਸ਼ ਨੂੰ ਪਰਿਭਾਸ਼ਿਤ ਕਰੋ। ਪ੍ਰੇਰਿਤ ਨਿਵੇਸ਼ ਅਤੇ ਸੁਤੰਤਰ ਨਿਵੇਸ਼ ਵਿੱਚ ਅੰਤਰ ਦੱਸੋ।
102. ਕਿਨ੍ਹਾਂ ਹਾਲਾਤਾਂ ਵਿੱਚ ਸੁਤੰਤਰ ਨਿਵੇਸ਼ ਜਰੂਰੀ ਬਣ ਜਾਂਦਾ ਹੈ।
103. ਕੁੱਲ ਪੂਰਤੀ ਅਤੇ ਕੁੱਲ ਮੰਗ ਬਰਾਬਰ ਹੋਣ ਤੇ ਬੱਚਤ ਅਤੇ ਵਿਆਜ ਦੀ ਦਰ ਬਰਾਬਰ ਹੁੰਦੀ ਹੈ। ਵਿਆਖਿਆ ਕਰੋ।
104. ਪ੍ਰੰਪਰਾਵਾਦੀ ਦ੍ਰਿਸ਼ਟੀਕੋਣ ਅਨੁਸਾਰ ਸੰਤੁਲਨ ਕਿਸ ਤਰ੍ਹਾਂ ਨਿਰਧਾਰਿਤ ਕੀਤਾ ਜਾ ਸਕਦਾ ਹੈ?
105. ਕੇਨਜ਼ ਦੇ ਦ੍ਰਿਸ਼ਟੀਕੋਣ ਅਨੁਸਾਰ ਸੰਤੁਲਨ ਕਿਸ ਤਰ੍ਹਾਂ ਨਿਰਧਾਰਿਤ ਕੀਤਾ ਜਾ ਸਕਦਾ ਹੈ?
106. ਨਿਵੇਸ਼ ਗੁਣਕ ਕੀ ਹੈ ? ਢੁੱਕਵੀਂ ਉਦਾਹਰਨ ਨਾਲ ਵਿਆਖਿਆ ਕਰੋ।
107. ਇੱਕ ਅਰਥਵਿਵਸਥਾ ਵਿੱਚ ਸੀਮਾਂਤ ਉਪਭੋਗ ਪ੍ਰਵਿਰਤੀ 0.6 ਹੈ। ਜੇਕਰ ਉਪਭੋਗ ਖਰਚ ਵਿੱਚ 500 ਕਰੋੜ ਰੁ: ਦਾ ਵਾਧਾ ਕੀਤਾ ਜਾਂਦਾ ਹੈ ਤਾਂ ਆਮਦਨ ਵਿੱਚ ਵਾਧੇ ਅਤੇ ਉਪਭੋਗ ਖ਼ਰਚ ਦੀ ਗਣਨਾ ਕਰੋ।
108. ਇੱਕ ਅਰਥਵਿਵਸਥਾ ਵਿੱਚ ਸੀਮਾਂਤ ਉਪਭੋਗ ਪ੍ਰਵਿਰਤੀ 0.8 ਹੈ। ਜੇਕਰ ਉਪਭੋਗ ਖਰਚ ਵਿੱਚ 4000 ਕਰੋੜ ਰੁ: ਦਾ ਵਾਧਾ ਕੀਤਾ ਜਾਂਦਾ ਹੈ ਤਾਂ ਆਮਦਨ ਵਿੱਚ ਵਾਧੇ ਅਤੇ ਉਪਭੋਗ ਖ਼ਰਚ ਦੀ ਗਣਨਾ ਕਰੋ।
109. ਇੱਕ ਅਰਥਵਿਵਸਥਾ ਵਿੱਚ ਰਾਸ਼ਟਰੀ ਆਮਦਨ ਰੁ: 80,000 ਕਰੋੜ ਹੈ ਅਤੇ ਸੀਮਾਂਤ ਉਪਭੋਗ ਪ੍ਰਵਿਰਤੀ 0.80 ਹੈ।ਜੇਕਰ ਰੁ:10,000 ਕਰੋੜ ਦਾ ਨਿਵੇਸ਼ ਕੀਤਾ ਜਾਂਦਾ ਹੈ ਤਾਂ ਕੁੱਲ ਰਾਸ਼ਟਰੀ ਆਮਦਨ ਕਿੰਨੀ ਹੋਵੇਗੀ।
110. ਵੱਧ ਮੰਗ ਦੀ ਸਮੱਸਿਆ ਤੋਂ ਕੀ ਭਾਵ ਹੈ?
111. ਵੱਧ ਮੰਗ ਦੀ ਸਮੱਸਿਆ ਦੇ ਚਾਰ ਪ੍ਰਭਾਵ ਲਿਖੋ।
112. ਸਫੀਤਿਕ ਅੰਤਰਾਲ ਦੀ ਧਾਰਨਾ ਤੋਂ ਕੀ ਭਾਵ ਹੈ?
113. ਘੱਟ ਮੰਗ ਦੀ ਸਮੱਸਿਆ ਤੋਂ ਕੀ ਭਾਵ ਹੈ? ਇਸ ਦੇ ਅਰਥਵਿਵਸਥਾ ਤੇ ਪੈਣ ਵਾਲ਼ੇ ਚਾਰ ਪ੍ਰਭਾਵ ਲਿਖੋ।

114. ਵੱਧ ਮੰਗ ਦੀ ਸਮੱਸਿਆ ਕੀ ਹੈ? ਵੱਧ ਮੰਗ ਨੂੰ ਠੀਕ ਕਰਨ ਲਈ ਚਾਰ ਉਪਾਅ ਲਿਖੋ।

115. ਘੱਟ ਮੰਗ ਦੀ ਸਮੱਸਿਆ ਕੀ ਹੈ? ਘੱਟ ਮੰਗ ਨੂੰ ਠੀਕ ਕਰਨ ਲਈ ਚਾਰ ਉਪਾਅ ਲਿਖੋ।

116. ਵਸਤੂ ਵਟਾਂਦਰਾ ਪ੍ਰਨਾਲ਼ੀ ਕੀ ਹੈ?

117. ਮੁਦਰਾ ਤੋਂ ਕੀ ਭਾਵ ਹੈ? ਇਸ ਦੇ ਕਿਸੇ ਚਾਰ ਕਾਰਜਾਂ ਬਾਰੇ ਲਿਖੋ।

118. ਕੇਂਦਰੀ ਬੈਂਕ ਤੋਂ ਕੀ ਭਾਵ ਹੈ?ਕੇਂਦਰੀ ਬੈਂਕ ਦੇ ਮੁਢਲੇ ਚਾਰ ਕੰਮ ਕਿਹੜੇ ਹਨ?

119. ਵਪਾਰਿਕ ਬੈਂਕ ਤੋਂ ਕੀ ਭਾਵ ਹੈ? ਵਪਾਰਿਕ ਬੈਂਕ ਦੇ ਮੁਢਲੇ ਚਾਰ ਕੰਮ ਕਿਹੜੇ ਹਨ?

120. ਈ-ਬੈਂਕਿੰਗ ਤੋਂ ਕੀ ਭਾਵ ਹੈ? ਈ-ਬੈਂਕਿੰਗ ਦੇ ਅੰਤਰਗਤ ਦਿੱਤੀਆਂ ਜਾਣ ਵਾਲੀਆਂ ਕਿਸੇ ਚਾਰ ਸਹੂਲਤਾਂ ਕਿਹੜੀਆਂ ਹਨ?।

121. ਵਪਾਰਿਕ ਬੈਂਕ, ਨਿਵੇਸ਼ਕਾਂ ਦੀ ਕਿਸ ਤਰ੍ਹਾਂ ਸਹਾਇਤਾ ਕਰਦੀਆਂ ਹਨ?

122. ਬੈਂਕਾਂ ਦੇ ਆਧੁਨਿਕੀਕਰਨ ਤੋਂ ਤੁਸੀਂ ਕੀ ਸਮਝਦੇ ਹੋ?

123. ਭਾਰਤ ਵਿੱਚ ਬੈਂਕਾਂ ਦੇ ਆਧੁਨਿਕੀਕਰਨ ਸਬੰਧੀ ਕੋਈ ਚਾਰ ਪ੍ਰਵਿਰਤੀਆਂ ਦੀ ਚਰਚਾ ਕਰੋ।

124. ਸਰਕਾਰੀ ਬਜਟ ਤੋਂ ਕੀ ਭਾਵ ਹੈ?

125. ਬਜਟ ਘਾਟੇ ਤੋਂ ਕੀ ਭਾਵ ਹੈ?

126. ਵੱਖ-ਵੱਖ ਪ੍ਰਕਾਰ ਦੇ ਬਜਟ ਘਾਟਿਆਂ ਦਾ ਸੰਖੇਪ ਵਰਨਣ ਕਰੋ।

127. ਰਾਜਸਵ ਪ੍ਰਾਪਤੀਆਂ ਦੇ ਵੱਖ-ਵੱਖ ਅੰਸ਼ਾਂ ਦੀ ਵਿਆਖਿਆ ਕਰੋ।

128. ਪੂੰਜੀਗਤ ਪ੍ਰਾਪਤੀਆਂ ਦੇ ਵੱਖ-ਵੱਖ ਅੰਸ਼ਾਂ ਦੀ ਵਿਆਖਿਆ ਕਰੋ।

129. ਕਰ ਨੂੰ ਪਰਿਭਾਸ਼ਿਤ ਕਰੋ।ਪ੍ਰਤੱਖ ਅਤੇ ਅਪ੍ਰਤੱਖ ਕਰਾਂ ਦੀਆਂ ਦੋ-ਦੋ ਉਦਾਹਰਨਾਂ ਦਿਓ।

130. ਹੇਠ ਲਿਖੇ ਅੰਕੜਿਆਂ ਤੋਂ ਮੁਢਲੇ ਘਾਟੇ ਦੀ ਗਣਨਾ ਕਰੋ;

| ਮਦਾਂ | (ਰੁ: ਕਰੋੜ) |
|---|---|
| (i) ਰਾਜਕੋਸ਼ੀ ਘਾਟਾ | 9,000 |
| (ii) ਸਰਕਾਰ ਵੱਲੋਂ ਵਿਆਜ ਦਾ ਭੁਗਤਾਨ | 400 |

131. ਵਿਦੇਸ਼ੀ ਵਟਾਂਦਰਾ ਦਰ ਤੋਂ ਕੀ ਭਾਵ ਹੈ?

132. ਸਥਿਰ ਵਟਾਂਦਰਾ ਪ੍ਰਨਾਲ਼ੀ ਵਿਅਖਿਆ ਕਰੋ।

133. ਪਰਿਵਰਤਨਸ਼ੀਲ ਵਟਾਂਦਰਾ ਪ੍ਰਨਾਲ਼ੀ ਦੀ ਵਿਅਖਿਆ ਕਰੋ।

134. ਸਥਿਰ ਵਟਾਂਦਰਾ ਦਰ ਪ੍ਰਨਾਲ਼ੀ ਦੇ ਕਿਸੇ ਚਾਰ ਗੁਣਾਂ ਦੀ ਚਰਚਾ ਕਰੋ।

135. ਸਥਿਰ ਵਟਾਂਦਰਾ ਦਰ ਪ੍ਰਨਾਲ਼ੀ ਦੇ ਕਿਸੇ ਚਾਰ ਦੋਸ਼ਾਂ ਦੀ ਚਰਚਾ ਕਰੋ।

136. ਲਚਕੀਲੀ ਵਟਾਂਦਰਾ ਦਰ ਪ੍ਰਨਾਲ਼ੀ ਦੇ ਕਿਸੇ ਚਾਰ ਗੁਣਾਂ ਦੀ ਚਰਚਾ ਕਰੋ।

137. ਲਚਕੀਲੀ ਵਟਾਂਦਰਾ ਦਰ ਪ੍ਰਨਾਲ਼ੀ ਦੇ ਕਿਸੇ ਚਾਰ ਦੋਸ਼ਾਂ ਦੀ ਚਰਚਾ ਕਰੋ।

138. ਭੁਗਤਾਨ ਸੰਤੁਲਨ ਦਾ ਅਰਥ ਅਤੇ ਪਰਿਭਾਸ਼ਾ ਦਿਓ।

139. ਵਪਾਰ ਸੰਤੁਲਨ ਅਤੇ ਭੁਗਤਾਨ ਸੰਤੁਲਨ ਵਿੱਚ ਅੰਤਰ ਸਪਸ਼ਟ ਕਰੋ।

140. ਭੁਗਤਾਨ ਸੰਤੁਲਨ ਦੇ ਚਾਲੂ ਖਾਤੇ ਤੋਂ ਕੀ ਭਾਵ ਹੈ? ਇਸ ਵਿੱਚ ਕਿਹੜੀਆਂ ਮਦਾਂ ਸ਼ਾਮਲ ਹੁੰਦੀਆਂ ਹਨ?

141. ਭੁਗਤਾਨ ਸੰਤੁਲਨ ਦੇ ਪੂੰਜੀ ਖਾਤੇ ਤੋਂ ਕੀ ਭਾਵ ਹੈ? ਇਸ ਵਿੱਚ ਕਿਹੜੀਆਂ ਮਦਾਂ ਸ਼ਾਮਲ ਹੁੰਦੀਆਂ ਹਨ?

Filename: Economics (punjabi Medium) 12th
Directory: C:\Users\manwider\Desktop\Pujab history and culture-10th
Template: C:\Users\manwider\AppData\Roaming\Microsoft\Templates\Normal.dotm
Title:
Subject:
Author: Baldev sandhu
Keywords:
Comments:
Creation Date: 11/8/2019 1:18:00 PM
Change Number: 198
Last Saved On: 2/25/2020 12:18:00 PM
Last Saved By: manwider
Total Editing Time: 709 Minutes
Last Printed On: 2/25/2020 12:18:00 PM
As of Last Complete Printing
Number of Pages: 40
Number of Words: 11,921
Number of Characters: 54,557 (approx.)